


JUNE, 1978 — WATNO DUR — 60c
P.O. BOX 67681 STN. "O" VANCOUVER, B.C. V5W 3V2

# KINGSGATE
# Body Shop Limited

***Body Shop and Mechanical Services For All Makes and Models***

*

We handle ICBC Claims
Courtesy Cars Available
(inc. Age Under 25)
Full Inventory of All Parts
For Fast and Efficient Service

**434-6608**
**24 Hrs.**

Call Amir Dhanani

Urdu, Punjabi and English, Gujrati and Hindi languages spoken.

**6856 Palm Ave., Burnaby, B.C.**
***One Block From Royal Oak & Imperial***
**USED AND REBUILT HONDAS AVAILABLE**

# AMIR'S JAPANESE AUTO SERVICE AND PARTS SUPPLIES LIMITED

Service and Tune Up Shop for All Makes and Models

***Complete Auto Service — Electronic Tune Ups, Brakes, Valves, etc.***

**USED, EXCHANGE AND REBUILT TRANSMISSION (std./auto.), MOTORS, CARBURETORS, STARTERS, ALTERNATORS, COURTESY CARS AVAILABLE**

Call Amir Dhanani

**434-6608**
**24 hrs.**

Urdu, Punjabi, English, Guljrati, and Hindi Languages spoken.

**6870 Palm Avenue, Burnaby, B.C.**
***One Block from Royal Oak and Imperial***

---

**LUNCH – 11:30 A.M. to 3:00 P.M. • DINNER – 4:00 P.M. to 10:00 P.M. • SEVEN DAYS A WEEK**

India's famous tandoorie chicken. Keema Naan. Special Naan. Samosas. Bhatura Chana, and lots and lots of others.

**INDIAN SWEETS OF ALL KINDS**
**Weekend Special**
**MAKI DI ROTI & SAAG.**

# Raja RESTAURANT LTD.

**(LICENSED PREMISES)**

**Catering For**
**WEDDING & SMALL HOME PARTIES.**
**For Pick Up Phone: 325 - 5014**

**7271 MAIN ST. at 57th, VANCOUVER, B. C., CANADA**

CHARGEX

master charge

ਵਿਆਹ ਅਤੇ ਘਰੇਲੂ ਪਾਰਟੀਆਂ ਲਈ ਭਾਰਤੀ ਤੇ ਕੈਨੇਡਾ ਦੇ ਵਧੀਆ ਤੇ ਸੁਆਦੀ ਖਾਣੇ ਅਤੇ ਮਠਿਆਈਆਂ ਵਾਜਬੀ ਕੀਮਤਾਂ ਤੇ ਰਾਜਾ ਰੈਸਟੋਰੈਂਟ ਤੋਂ ਮਿਲਦੀਆਂ ਹਨ। ਬਲਵੰਤ ਨੂੰ ਫ਼ੋਨ ਕਰੋ।

B
B G S
S

## BOMBAY GROCERY STORE

**3950 MAIN STREET, VANCOUVER**
**874-3711**

We are open 7 days a week
from 9:30 a.m. to 10 p.m.

*Special Discount for
Weddings, Akhand Paths and
other bulk orders!*



B
B C R
R

## Bombay Curry Restaurant

*Licensed Premises*

**3934 MAIN STREET, (23rd Ave.)**
**VANCOUVER**
**874-5722**

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements
for Wedding Parties and other occasions!*

*A DIVISION OF*

# SHUKLA ENTERPRISES LTD.

## Res. Phone: 685-2633

---

*Your Neighbourhood Agent*

## GIFFIN INSURANCE
**AGENCIES LTD.**

**SPECIALIST
GENERAL INSURANCE
HOME OWNER - BUSINESS**

ਕਾਰਾਂ ਦੀ ਇੰਸ਼ੋਰੈਂਸ ਦੇ ਰੇਟ ਘਟ ਰਹੇ
ਹਨ। ਆਪਣੇ ਘਰ ਦੀ ਇੰਸ਼ੋਰੈਂਸ ਦੇ
ਰੇਟ ਜਾਨਣ ਲਈ ਅੱਜ ਹੀ ਤੇਜਾ ਸਿੰਘ
ਧਾਲੀਵਾਲ ਨੂੰ ਫੋਨ ਕਰੋ ਜਾਂ ਮਿਲੋ।

**24 hrs. service**

**call 522-3907 (Pager 307)**

**Leave your phone No.**

**Res 584-1596 Office: 874-4241**

**12961 92A Ave - Surrey**

## 28th & FRASER

**#205-4381 FRASER
PHONE**

## ਤੇਜਾ ਸਿੰਘ ਧਾਲੀਵਾਲ



**T S. DHALIWAL**

## OFFICE: 874-4241

## RES: 584-1596

FOR

LIFE INSURANCE

EDUCATION PLAN

MORTGAGE PLAN

Retirement registered Saving Plan and all other kinds of insurance

Contact

# DALJIT SANDHU

OF

## National Life of Canada

Suite 501, 1155—West Pender Street
Vancouver, B.C. Phone: 685-7231

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ ਅਤੇ ਤਜਰਬੇਕਾਰ ਸਲਾਹਕਾਰ:-

ਦਲਜੀਤ ਸੰਧੂ



OFFICE:
685-7231

RESIDENCE:
278-0491

# ਨਰਵਾਲ ਇੰਟਰਨੈਸ਼ਨਲ ਟਰੈਵਲਜ਼

**8163 MAIN STREET**
**VANCOUVER, B. C.**

**Cheapest fare to India, Fiji and Pakistan**

Also we have experience to help you and advise you on the following subjects:

1. ਬੇਕਾਰੀ (Unemployment)
2. ਵੈਲਫੇਅਰ (Welfare)
3. ਕਰਾਏਦਾਰੀ ਮਸਲੇ (Landlord & tenents grievances)
4. ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ (Immigration & Citizenship)
5. ਪਾਸਪੋਰਟ ਤੇ ਦੋਭਾਸ਼ (Passport & Interpretation)

ਫ਼ੋਨ ਕਰੋ —

• ਜਸਵੀਰ ਨਰਵਾਲ, ਬੀ ਏ

• ਪ੍ਰਿਤਪਾਲ ਨਰਵਾਲ ਬੀ ਏ, ਐਲ ਐਲ ਬੀ

ਘਰ ਦਾ ਫ਼ੋਨ — 324-8989

Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



## SUKHDEV SAHOTA M.A.

RES.: 859-5619

**WATNO DUR**
**P.O. Box 67681**
**Postal Stn. 'O'**
**Vancouver, B.C.**
**V5W 3V2**

**Vol. 6, No. 59** **JUNE, 1978**

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00

**EDITORIAL BOARD:**
Surinder Dhanjal, 256-1067 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924 - 438-9146
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*

# ਇਸ ਅੰਕ ਵਿਚ:—

## ਕਵਿਤਾ-

ਸੁਰਿੰਦਰ ਧੰਜਲ 6
ਦਰਸ਼ਨ ਗਿੱਲ 6
ਹਰਜੀਤ ਰਾਣਾ 6
ਪ੍ਰੀਤਮ ਸਿੰਘ ਰਾਹੀ 7
ਰਵਿੰਦਰ ਭੱਠਲ 8
ਫੂਲ ਚੰਦ ਮਾਨਵ 9
ਅਜੀਤ ਚੰਦਨ 9

## ਇੰਟਰਵਿਊ-

ਅਜਮੇਰ ਰੋਡੇ 11

## ਕਹਾਣੀਆਂ—

ਗਿੱਲ ਅਵਤਾਰ 15
ਰਾਜ ਚੋਹਾਨ 21
ਭੂਰਾ ਸਿੰਘ ਕਲੇਰ 28
ਪ੍ਰੇਮ ਗੋਰਖੀ 31
ਨਿਰੰਜਨ ਸ਼ਰਮਾ ਸ਼ੇਖਾ 37
ਐਮ. ਐਸ. ਛਾਬੀ 37
ਸੁਰਿੰਦਰ ਸਿੰਘ ਕੈਲੇ 37

## ਲੇਖ—

ਪ੍ਰੀਤਮ ਸਿੱਧੂ 17
ਡਾ: ਸ਼ਿਵਦੇਵ ਕੁਮਾਰ 22

## ਰਿਪੋਰਟ-

ਰਵਜੀਤ ਧੀਰ 35

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

## ਕਲਾਕਾਰ

**ਸੁਰਿੰਦਰ ਧੰਜਲ**

ਕਲਾਕਾਰ ਕਿ ਕਲੰਕੀ-ਕਲਾ-ਕਪੁੱਤਰ ?
ਵਿਸਕੀ ਦੀ ਬੋਤਲ ਤੇ ਨਿਰਬਸਤਰ ਕੁੜੀ 'ਚੋਂ ਗੁਆਚਿਆ
ਆਪਾ ਲਭਦੇ ਹੋ
ਸਹਿੰਦੇ ਰਹੋ ਸਿਗਰਟ ਦੇ ਧੂੰਏਂ ਦੇ ਥੱਪੜ
'ਮੈਂ ਤੇ ਮੈਂ,' 'ਮੈਂ ਤੇ ਅਸੀਂ' 'ਚ ਕੀ ਅੰਤਰ ਹੈ ਭਲਾ ?
ਖੁਦਕਸ਼ੀ ਦੇ ਰਾਹ ਦਾ ਇਹ ਵਿਧਵਾ ਸਫ਼ਰ ਜਦ ਅੰਨ੍ਹੀ
ਗਲੀ 'ਚ ਗੁੰਮਿਆ
ਕੰਨਾਂ 'ਚ ਗੂੰਜੇਗਾ ਮਹਿਬੂਬਾ ਦੇ ਉਧਲਣ ਵਰਗਾ ਸੱਚ :
'ਟਟਹਿਣੇ ਜੋ ਗੂੜ੍ਹਾ ਜਿਹਾ ਜੀਵਨ ਰੌਸ਼ਨ ਕਰਨ ਤੁਰੇ
ਪੂੰਨਿਆਂ ਤੋਂ ਮੱਸਿਆ ਬਣ ਗਏ !'
ਕਲਾਕਾਰ ਤਾਂ ਕੁਹਜ ਨੂੰ ਚੁਰੱਸਤੇ 'ਚ ਨਿਰਬਸਤਰ ਕਰਦੇ
ਉਦਾਸ ਜ਼ਿੰਦਗੀ ਨੂੰ ਬੇਖ਼ੌਫ ਦਸਦੇ
ਕਿ ਉਹਦੀਆਂ ਮੁਸਕਰਾਹਟਾਂ ਦੇ ਚੋਰ ਕਿਵੇਂ ਭੁੱਲ-
ਭੁਲੱਈਆਂ ਬਣ ਬਣ ਛੁਪੇ ਬੈਠੇ ਹਨ ਹਰ ਮੋੜ ਤੇ
ਅਤੇ ਪੀੜਾਂ-ਤਰਾਟਾਂ ਤੋਂ ਰਹਿਤ ਨਿਰਮਲ ਪਾਣੀ ਦੀ
ਝੀਲ ਨੂੰ ਕਿਹੜਾ ਰਾਹ ਜਾਂਦਾ ਹੈ
ਬ੍ਰਹਿਮੰਡ-ਕੱਦੀ ਵਿਸ਼ਾਲਤਾ ਨੂੰ ਝੋਲੀ 'ਚ ਪਾ ਸਿਰਜਦੇ
ਰਾਹ ਦੇ ਕੰਡਿਆਂ ਨੂੰ ਚੁਣਨ ਦੀ ਜਾਚ
ਜਿਸ ਰਾਹੀਂ ਉਹ ਜਿਉਣ ਦੀ ਤਮੰਨਾਂ ਦੀਆਂ ਬੁੱਕਾਂ
ਵੰਡਦੇ ਲੰਘਦੇ
ਵਿਸਮਾਦੇ ਰਾਹ ਉਨ੍ਹਾਂ ਦੀ ਪੈੜ-ਛੋਹ ਨੂੰ ਮੁੜ ਮੁੜ ਉਡੀਕਦੇ
ਜੇ ਕੋਈ ਉਦਾਸ ਸ਼ਾਮ ਪਰਤ ਗਈ ਬੂਹੇ ਤੇ ਦਸਤਕ ਦੇਕੇ
ਕਿਵੇਂ ਸਹਾਂਗੇ ਸੀਨੇ ਤੇ ਜ਼ਖ਼ਮ
ਦੰਭ ਦੀਆਂ ਕਬਰਾਂ ਤੇ ਹੀ ਮਿਲਾਂਗੇ ਕਲਾਕਾਰੋ !
ਮੇਰੇ ਯਾਰੋ !!

o

## ਲੰਮੀ ਵਾਟ

**ਦਰਸ਼ਨ ਗਿੱਲ**

ਸੋਚਦਾ ਹਾਂ, ਕਿੰਨੀ ਲੰਮੀ ਵਾਟ ਹੈ !
ਹੰਢਦਾ ਹਾਂ ਆਪਣੇ ਆਪ ਨੂੰ,
ਕਾਲਖ਼ ਨਾਲ ਜੁੜਨਾ,
ਮੂਰਖਤਾ ਹੈ !
ਜਦ ਵੇਖਦਾ ਹਾਂ ਵਕਤ ਨੂੰ,
ਜੀਅ ਕਰਦੇ,
ਖੁਦਕਸ਼ੀ ਨੂੰ ਚੁੰਮ ਲਵਾਂ !
ਜਦ ਮਨ ਦੀ ਹੋਂਦ,
ਮੁਸਕਰਾਉਂਦੀ ਹੈ—
ਤਾਂ ਫਿਰ ਸੋਚਦਾ ਹਾਂ,
ਖੁਦਕਸ਼ੀ ਕੋਈ ਹੱਲ ਨਹੀਂ !
ਦਿਲ ਹੈ, ਮੂਰਖ ਹੈ,
ਬੜਾ ਕੁਝ ਕਲਪਦਾ ਹੈ,
ਪਰ ਕਲਪਨਾ ਸਭ ਕੁਝ ਨਹੀਂ ?
(Terrace, B. C.)

o

## ਜੰਜ਼ੀਰਾਂ

—ਰਣਜੀਤ ਰਾਣਾ

ਇਹ ਸੋਨੇ ਦੀਆਂ ਜੰਜ਼ੀਰਾਂ,
ਰੱਬ ਬਣਾਇਆਂ ਨਾ ਕੁਦਰਤੀਆਂ
ਸੋਨੇ ਨੂੰ ਸਿਰਫ਼ ਸੋਨਾ ਕੱਟਦਾ ਹੈ
ਮੈਂ ਤੋੜਾਂਗਾ ਇਹਨਾਂ ਜੰਜ਼ੀਰਾਂ ਨੂੰ,
ਕਿਉਂ ਮੇਰੇ ਰੱਬ ਸੋਨੇ ਦੇ ਹਨ।
ਇਹ ਸਮਾਜੀ ਬੰਧਨ ਅੰਧ ਵਿਸ਼ਵਾਸੀ ਦੀਆਂ ਜੰਜ਼ੀਰਾਂ
ਬਣ ਚੁੱਕੀਆਂ ਨੇ ਜ਼ਿੰਦਗੀ ਲਈ ਅਸਹਿ ਚੀਜ਼ਾਂ।
ਮੈਂ ਭੰਨਾਂਗਾ, ਉਸਾਰਾਂਗਾ, ਫਿਰ ਨਵੀਆਂ, ਸੁੱਚੀਆਂ ਲੀਹਾਂ।
ਮੈਨੂੰ ਐਨਾ ਤਾਂ ਦੱਸੋ ਮੇਰੇ 'ਮਜ਼ਦੂਰ ਵੀਰੋ'
ਕੀ ਤੁਹਾਡੇ ਹੀ ਹਿੱਸੇ ਆਈ ਏ ਕਿਸਮਤ ਖੋਟੀ ?
ਕੀ ਤੁਹਾਡੇ ਹੀ ਪੱਲੇ ਲਿਖ ਦਿੱਤੇ ਨੇ ਸੁੱਕੇ ਟੁੱਕਰ ?
ਮੰਨਿਆਂ ਕਿ ਰੱਬ ਚਾਹੁੰਦਾ ਸੀ ਪੂਰੀਆਂ ਵੰਡੀਆਂ,
ਤਾਂ ਕੁੱਝ ਤਾਂ ਤੁਹਾਨੂੰ ਹਿੱਸਾ ਮਿਲਦਾ।
ਉਹ ਰੱਬ ਹੈ ਸੀ ਐਨਾ ਇਨਸਾਫ਼ੀ!
ਨਹੀਂ ਉਹ ਇਨਸਾਨ ਹੈ ਅੱਜ ਦਾ ਜਿਸ
ਆਪਣੀ ਗੋਗੜ ਪਾਲੀ।
ਉਹ ਇਨਸਾਨ ਨਹੀਂ, ਹੈਵਾਨ ਹੈ ਅੱਜ ਦਾ।
ਜਿਸ ਦੀ ਇਨਸਾਨੀਅਤ, ਤਾਂ ਵਿਕਦੀ ਬਜ਼ਾਰ ਦੇ ਅੰਦਰ
ਨਕਦ ਖ਼ਰੀਦਣ ਲਈ
ਮੰਦਰ ਅੰਦਰ, ਗੁਰਦੁਆਰੇ ਅੰਦਰ।
ਭਗਵਾਨ ਵੀ ਉਹਨਾਂ ਆਪਣੇ ਬਣਾਏ
ਸਾਰੀਆਂ ਕਿਰਤੀਆਂ ਰੋਟੀਆਂ ਹੜੱਪਾਂ, ਪਾਟੇ ਹੋਏ ਹੱਥਾਂ ਦੀ,
ਨਾਸ਼ੁਕਰਾ ਤਾਂ ਮਨਜ਼ੂਰ ਨਹੀਂ ਕਰਦਾ।
ਭੇਖ ਕਰਦਾ ਹੈ, ਪਿੱਠ ਮੋੜ ਲੈਂਦਾ ਹੈ।
ਕੀ ਉਹ ਭਗਵਾਨ ਹੀ ਹੈ, ਜੋ ਕਹਿੰਦੇ ਪਿਆਰ ਦਾ ਭੁੱਖਾ
ਮੈਨੂੰ ਤਾਂ ਲਗਦਾ ਉਹ ਭਗਵਾਨ ਹੀ ਨਹੀਂ।
ਦਰਕਾਰ ਉਨ੍ਹਾਂ ਲਾਲੀ ਰੰਗੇ ਮੂੰਹਾਂ ਨੂੰ ਨਹੀਂ;
ਜਿਨ੍ਹਾਂ ਤੇਰਾ ਦੁੱਧ ਵਿਚ ਕੜ੍ਹਿਆ ਖ਼ੂਨ ਪੀਤਾ,
ਤੇਰੀ ਚਮੜੀ ਉਤਾਰ ਆਪਣਾ ਤਨ ਲਿੱਪਿਆ ਕੀਤਾ।
ਪਰ, ਤੂੰ ਫਿਰ ਵੀ ਚੁੱਪ ਕਿਉਂ।
ਇਹ ਵੇਲਾ ਨਹੀਂ ਹੁਣ ਉਸ ਦੀ ਪੂਜਾ ਦਾ
ਉਸ ਦੇ ਦਰ ਤੇ ਠੋਕਰ ਲਾਉਣ ਦਾ
ਜਿਸ ਤੈਨੂੰ ਵੇਖ ਮੂੰਹ ਪਰਤਿਆ ਹੋਏ।

o


**ਭਾਰਤੀ ਆਰਟ ਜਿਊਲਰਜ਼**

ORIENTAL SILVER AND GOLD JEWELRY REPAIRING

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

## ਆਪਾਤ-ਸਥਿਤੀ : ਚਾਰ ਪ੍ਰਭਾਵ

**ਪ੍ਰੀਤਮ ਸਿੰਘ ਰਾਹੀ**

### ਆਪਾਤ-ਸਥਿਤੀ ਲਾਗੂ ਹੋਣ 'ਤੇ...

ਇਹ ਕਿਸ ਨਗਰੀ 'ਚ ਆ ਗਿਆ ਹਾਂ ਮੈਂ
ਜਿੱਥੇਂ ਦੇ ਲੋਕ, ਕਿਸੇ ਟੂਣੇ ਦੇ ਕੀਲੇ ਹੋਏ
ਗੁੰਨਰ-ਵੱਟੇ ਬਣੇ, ਇੱਕ ਦੂਜੇ ਵੱਲ
ਵੇਖੀ ਜਾ ਰਹੇ ਹਨ
ਨਾ ਹੱਸਦੇ ਹਨ, ਨਾ ਰੋਂਦੇ ਹਨ
ਨਾ ਹੀ ਕੁਝ ਬੋਲਦੇ ਹਨ।
ਸੁਣਿਆ ਹੈ ਇਸ ਨਗਰ ਦੇ ਬਾਦਸ਼ਾਹ ਨੂੰ
ਕੁਝ ਦਿਨ ਹੋਏ, ਇਕ ਸੁਪਨਾ ਆਇਆ ਸੀ
ਜਿਵੇਂ ਉਹ ਰਾਜੇ ਤੋਂ ਰੰਕ ਹੋ ਗਿਆ ਹੈ
ਉਸਨੇ ਤੱਕਿਆ ਸੀ ਕਿ ਗਲੀ ਦੇ ਕੁਝ ਮੁੰਡੇ
ਉਸਦੇ ਹੀਰਿਆਂ ਜੜੇ ਤਾਜ ਨਾਲ
ਫੁਟਬਾਲ ਖੇਡ ਰਹੇ ਹਨ
ਅਤੇ ਉਸਦੀ ਕੀਮਤੀ ਪੁਸ਼ਾਕ ਦੀਆਂ
ਲੀਰਾਂ ਕਰਕੇ ਕਾਨਿਆਂ ਤੇ ਬੰਨ੍ਹੀਂ
ਮੁਰਦਾਬਾਦ ਦੇ ਨਾਹਰੇ ਲਾ ਰਹੇ ਹਨ
ਉਸਨੇ ਇਹ ਵੀ ਤੱਕਿਆ ਸੀ
ਕਿ ਉਸਦੀ ਨੰਗੀ ਲੋਥ ਤੇ
ਗਿਰਝਾਂ ਝਪਟ ਰਹੀਆਂ ਹਨ
ਅਤੇ ਕੁੱਤੇ ਉਸਦਾ ਮਾਸ ਨੋਚਣ ਲਈ
ਟੁੱਟ-ਟੁੱਟ ਪੈਂਦੇ ਹਨ।
ਉਹ ਜਦੋਂ ਸੁਬ੍ਹਾ ਉੱਠਿਆ
ਉਸਨੇ ਹੁਕਮ ਦਿੱਤਾ
ਨਗਰ ਦੁਆਲੇ ਹਾਥੀ ਦੰਦੀ ਕੰਧ ਕੱਢ ਦਿਓ
ਦਰਵਾਜ਼ਿਆਂ ਤੇ ਪਹਿਰੇ ਬਿਠਾ ਦਿਓ
ਕੋਈ ਕਨਸੋਅ ਅੰਦਰ ਨਾ ਆਵੇ
ਕੋਈ ਕਨਸੋਅ ਬਾਹਰ ਨਾ ਜਾਵੇ
ਨਗਰ ਦੇ ਹਰ ਬੰਦੇ ਦੀ ਖੋਪੜੀ ਚੀਰਕੇ
ਉਸਦਾ ਦਿਮਾਗ਼ ਕੱਢ ਲਓ
ਜੀਭ ਤੇ ਕਿੱਲ ਗੱਡ ਦਿਓ
ਕੰਨਾਂ ਵਿੱਚ ਕੌੜਾ ਤੇਲ ਪਾ ਦਿਓ
ਹੁਕਮ ਮੰਨਿਆ ਗਿਆ
ਕਹਿੰਦੇ ਹਨ ਬਾਦਸ਼ਾਹ ਉਸ ਰਾਤ ਰੱਜ ਕੇ ਸੁੱਤਾ।
ਬਸ ਉਸ ਦਿਨ ਤੋਂ ਹੀ
ਇਸ ਨਗਰ ਦੇ ਲੋਕ
ਗੁੰਨਰ-ਵੱਟੇ ਬਣੇ
ਇਕ ਦੂਜੇ ਵੱਲ ਵੇਖੀ ਜਾ ਰਹੇ ਹਨ
ਨਾ ਰੋਂਦੇ ਹਨ ਨਾ ਹੱਸਦੇ ਹਨ
ਨਾ ਹੀ ਕੁਝ ਬੋਲਦੇ ਹਨ। o

### ਆਪਾਤ-ਸਥਿਤੀ ਦੇ ਭੋਕਤਾ ਬੁੱਧੀ ਜੀਵੀ

ਮੈਨੂੰ ਮੇਰੇ ਆਪੇ ਤੋਂ ਸੂਗ ਜਹੀ ਆਉਂਦੀ ਹੈ
ਇਕ ਸੜਾਂਦ ਮੇਰੇ ਧੁਰ-ਅੰਦਰ ਤੱਕ
ਉਤਰ ਗਈ ਹੈ
ਜੋ ਮੈਨੂੰ ਟਿਕਣ ਨਹੀਂ ਦਿੰਦੀ
ਮੈਂ ਹੁਣੇ ਹੀ ਅਪਣੇ ਨਾ-ਕਰਦਾ ਗੁਨਾਂਹਾਂ ਦਾ
ਮਾਅਫ਼ੀ-ਨਾਮਾ ਲਿਖਕੇ ਮੁੜਿਆ ਹਾਂ।
ਮੈਂ ਗਿੜਗਿੜਾਇਆ ਸੀ
ਹਜ਼ੂਰ ਮੇਰੀ ਜਾਨ-ਬਖ਼ਸ਼ੀ ਕਰੋ
ਮੇਰੇ ਬੱਚੇ ਰੁਲ ਜਾਣਗੇ
ਮੈਂ ਜਦੋਂ ਦਾ ਤੁਹਾਡੀ ਹਿਰਾਸਤ ਵਿਚ ਹਾਂ
ਮੇਰੀ ਘਰ-ਵਾਲੀ ਉਦੋਂ ਦੀ ਨਿਰਾਸ਼ ਹੈ
ਤੁਸੀਂ ਮੈਨੂੰ ਕੱਲੇ ਨੂੰ ਲੈ ਕੇ ਨਹੀਂ ਆਏ
ਅਨੇਕਾਂ ਮਜਬੂਰੀਆਂ, ਜ਼ੁੰਮੇਵਾਰੀਆਂ
ਮੇਰੇ ਨਾਲ ਆ ਗਈਆਂ ਹਨ
ਉਨ੍ਹਾਂ ਤੇ ਕੀ ਦਫ਼ਾ ਲਾਗੂ ਕਰੋਂਗੇ
ਤੁਹਾਡੇ ਪਾਸ ਤਾਂ ਮੇਰੇ ਵੀ ਵਾਰੰਟ ਨਹੀਂ ਸਨ
ਮੈਂ ਕੱਛੂ-ਕੁੰਮੇ ਤੋਂ ਇਕ ਸਬਕ ਸਿੱਖਿਆ ਹੈ
ਜਦੋਂ ਤੱਕ ਪੈਂਤਰਾ ਹੈ
ਅਪਣੇ ਪੈਰ ਆਪਣੀ ਸਿਰੀ—
ਅੰਦਰ ਲਕੋ ਕੇ ਰੱਖਾਂ ਗਾ
ਗਲੀ ਦੀ ਨੁਕਰੇ ਕਿਸੇ ਨਾਲੀ ਵਿਚ
ਛੁੱਪ ਜਾਵਾਂ ਗਾ
ਅੰਡਰ-ਗਰਾਊਂਡ ਨਾ ਸਹੀ,
ਅੰਡਰ-ਵਾਟਰ ਹੀ ਸਹੀ—
ਜਦੋਂ ਕਦੇ ਸਾਹ ਘੁੱਟੇਗਾ
ਛਪ-ਛਪ ਕਰ ਲਵਾਂਗਾ
ਲੁਕਣ ਦਾ ਇਹ ਤਰੀਕਾ ਬਹੁਤ ਵਧੀਆ ਹੈ
ਨਾਲੇ ਗੰਦੇ ਵਿਚ ਕੌਣ ਹੱਥ ਮਾਰਦਾ ਹੈ। o

### ਆਪਾਤ ਸਥਿਤੀ ਦੇ ਸੰਕਟ ਸਮੇਂ...

ਉਪਰੋਂ ਟਿਕਿਆ ਟਿਕਿਆ ਜਲ
ਇਸਦੇ ਹੇਠਾਂ ਹੈ ਹਲਚਲ।
ਦਿਲ ਦੇ ਅੰਦਰ ਗੁੰਮ ਕਹਾਣੀ
ਮੂੰਹ ਉੱਤੇ ਨਾ ਔਂਦੀ ਗੱਲ।
ਰਹਿਬਰ ਸੁੱਤੇ ਤਾਣਕੇ ਲੰਮੀਆਂ
ਕਿੰਨਾ ਭੈੜਾ ਚੁੱਪ ਦਾ ਛਲ।
ਅੱਖਾਂ ਅੱਖਾਂ ਵਿਚ ਹੋ ਜਾਂਦੀ
ਚਾਰੇ ਪਾਸੇ ਚੁੱਪ ਦੀ ਗੱਲ।
ਇਕ ਭੁਲੇਖਾ ਪਾਣੀ ਦੀ ਛੱਲ
ਸਾਡੇ ਪੱਲੇ ਮਾਰੂ-ਥਲ।
ਸੜ ਚੱਲਿਆ ਇਸਦਾ ਇਕ ਪਾਸਾ
ਇਸ ਰੋਟੀ ਨੂੰ ਛੇਤੀ 'ਥੱਲੂ।
ਛੇਤੀ ਤੋੜੋ ਚੁੱਪ ਦਾ ਜਾਦੂ
ਪਾਣੀ ਵਿਚ ਡੁੱਬ ਚੱਲਿਆ ਗਲ।
ਜਿਸਦਾ ਸੂਰਜ ਮੁੜ ਨਹੀਂ ਡੁੱਬਦਾ
ਕਦ ਆਉਣੀ ਹੈ ਦੱਸੋ ਕੱਲ੍ਹ।
ਸੀਸ ਤਲੀ ਤੇ ਰੱਖਕੇ ਟੁਰੀਏ
ਸਾਡੇ ਵਰਗਾ ਕਿੱਥੇ ਝੱਲ।
ਓਸੇ ਸੱਚ ਦਾ ਹਾਂ ਮੈਂ ਹਾਮੀ
ਜਿਸਦੀ ਮੰਜ਼ਲ ਹੈ ਮਕਤਲ
ਉਮਰਾਂ ਦੇ ਕਰਦਾ ਹੈਂ ਦਾਅਵੇ
ਇਕ ਅੱਧ ਕਦਮ ਨਾਲ ਤੇ ਚੱਲ।

### ਆਪਾਤ-ਸਥਿਤੀ, ਨਵੀਆਂ ਚੋਣਾਂ ਤੇ ਆਮ-ਆਦਮੀ

ਕਦੇ ਮੈਂ ਸਮੁੱਚਾ
ਕਦੇ ਮੇਰਾ ਧੜ
ਕਦੇ ਮੇਰਾ ਸਿਰ ਗ਼ਾਇਬ ਹੁੰਦਾ ਹੈ।
ਮੈਂ ਜੋ ਇਸ਼ਤਿਹਾਰ ਵੀ ਨਹੀਂ ਬਣ ਸਕਿਆ
ਮੇਰੀ ਵਿਥਿਆ, ਮੇਰਾ ਦੁੱਖ
ਜੱਗ ਦੀ ਕਿਸੇ ਦਾਸਤਾਨ ਵਿਚ ਸ਼ਾਮਲ ਨਹੀਂ...
ਹਰ ਪੰਜ ਵਰ੍ਹਿਆਂ ਪਿਛੋਂ
ਮੇਰਾ ਨਾਂ ਲਿਆ ਜਾਂਦਾ ਹੈ
ਮੇਰੀ ਜੈ ਬੋਲੀ ਜਾਂਦੀ ਹੈ
ਮੇਰੀ 'ਮੈਂ' ਵਿਆਪਕ ਹੋ ਜਾਂਦੀ ਹੈ
ਕੁਝ ਦਿਨਾਂ ਦੇ ਜਲੌ ਪਿੱਛੋਂ
ਸਬਜ਼-ਬਾਗਾਂ ਦਾ ਯਾਤਰੀ ਰਹਿ ਕੇ
ਮੈਂ ਫੇਰ ਗ਼ਾਇਬ ਹੋ ਜਾਂਦਾ ਹਾਂ।
ਸ਼ਹਿਰ ਦੀਆਂ ਕੰਧਾਂ ਤੇ ਲੱਗੇ ਪੋਸਟਰ
ਜਿਨ੍ਹਾਂ ਵਿਚ ਲਾਰੇ ਤੇ ਤਸੱਲੀਆਂ ਤੋਂ ਬਿਨਾਂ
ਕੁਝ ਨਹੀਂ ਹੁੰਦਾ।
ਮੇਰੀ ਜਾਗੀਰ ਹੁੰਦੇ ਹਨ
ਉਹ ਮੰਚ ਜਿਨ੍ਹਾਂ ਤੋਂ
ਮੂੰਹ ਪਾੜ ਪਾੜ ਕੇ ਮੇਰੀ ਗੱਲ ਹੁੰਦੀ ਸੀ
ਕਿਧਰੇ ਦਿਖਾਈ ਨਹੀਂ ਦਿੰਦੇ।
ਮੇਰੇ ਨਾਂ ਤੇ ਕੁਝ ਇਕ ਨੂੰ
ਕੁਰਸੀ ਵੀ ਮਿਲ ਜਾਂਦੀ ਹੈ
ਕੋਠੀ ਤੇ ਕਾਰ ਵੀ ਮਿਲ ਜਾਂਦੀ ਹੈ
ਉਸਦੇ ਰੋਜ਼-ਨਾਮਚੇ ਵਿਚ ਵੀ
ਮੇਰਾ ਨਾਂ ਨਹੀਂ ਹੁੰਦਾ
ਮੈਂ ਫੇਰ ਗ਼ਾਇਬ ਹੁੰਦਾ ਹਾਂ
ਮੈਂ ਜੋ ਸਭ ਕੁਝ ਬਦਲਦਾ ਹਾਂ
ਮੇਰਾ ਕੁਝ ਵੀ ਨਹੀਂ ਬਦਲਦਾ।
ਕਦੇ ਮੈਂ ਸਮੁੱਚਾ
ਕਦੇ ਮੇਰਾ ਧੜ
ਕਦੇ ਮੇਰਾ ਸਿਰ ਗ਼ਾਇਬ ਹੁੰਦਾ ਹੈ।

[ਬਰਨਾਲਾ, ਪੰਜਾਬ]

# ਤਿੰਨ ਕਵਿਤਾਵਾਂ

ਰਵਿੰਦਰ ਭੱਠਲ

## ਜਦੋਂ ਤਕ

ਦਰਿਆਵਾਂ ਦੇ ਮੱਥਿਆਂ ਤੇ ਬਣੇ ਪੁਲਾਂ ਨੂੰ
ਜਦੋਂ ਤਕ ਪਾਣੀਆਂ 'ਚ ਡੁਬ ਜਾਣ ਦੀ
ਤੇ ਘਾਹ ਦੀਆਂ ਤਿੜਾਂ ਨੂੰ ਜਦੋਂ ਤਕ
ਜ਼ੰਜੀਰਾਂ ਬਣ ਜਾਣ ਦੀ ਆਦਤ ਨਹੀਂ ਹਟਦੀ
ਧੁੱਪ ਨੂੰ ਬਣਦੇ ਸਿਵੇ ਸੇਕਣ ਤੋਂ
ਤੇ ਹਵਾਵਾਂ ਨੂੰ ਜਦੋਂ ਤਕ ਚੁਗਲੀ ਤੋਂ ਫ਼ੁਰਸਤ ਨਹੀਂ
ਜਦੋਂ ਤਕ ਪਾਉਂਦੀ ਰਹੇਗੀ ਕਲਮ ਕੀਰਨੇ
ਤੇ ਸ਼ਬਦ ਨੱਚਦੇ ਰਹਿਣਗੇ ਹੀਜੜਿਆਂ ਦਾ ਨਾਚ
ਜਦੋਂ ਤਕ ਜੀਭ ਤੋਂ ਲਾਲਾਂ ਦੀ ਤੰਦ ਨਹੀਂ ਟੁੱਟਦੀ
ਤੇ ਅੱਖ ਗੋਰੇ ਦੀਦਾਰ ਤੋਂ ਨਹੀਂ ਮੁੜਦੀ
ਉਦੋਂ ਤਕ ਰਿਜ਼ਕ ਤਲੀ ਤੇ ਨਹੀਂ ਟਿਕਣਾ
ਅੱਖ 'ਚ ਆਜ਼ਾਦੀ ਦਾ ਅਕਸ ਨਹੀਂ ਉਤਰਣਾ
ਉਡਾਰੀ ਤੋਂ ਪਹਿਲਾਂ ਹੀ ਗੋਲਿਆਂ ਦੇ ਖੰਭ ਝੜਦੇ ਰਹਿਣਗੇ
ਰਹੇਗਾ ਬਿਖਰਦਾ ਆਲ੍ਹਣੇ ਦਾ ਤੀਲਾ
ਕਿਰਦੇ ਰਹਿਣਗੇ ਪੈਰਾਂ 'ਚ ਹਾਰ ਦੇ ਹੰਝੂ । ○○

## ਅਸੀਂ ਹੀ ਹਾਂ

ਦੂਜਿਆਂ ਦੇ ਰਾਹਾਂ ਤੇ ਦੀਵਾ ਬਣਕੇ ਕੌਣ ਬਲਦਾ ਹੈ ?
ਇਹ ਤਾਂ ਅਸੀਂ ਹੀ ਹਾਂ
ਵਿਛ ਜਾਂਦੇ ਹਾਂ ਪਧਰੀ ਸੜਕ ਬਣਕੇ
ਆਪਣੇ ਮੋਹ ਭਿੱਜੇ ਬੋਲਾਂ ਦੇ ਉਗਾ ਛੱਡਦੇ ਹਾਂ ਬਿਰਖ
ਸੁੰਨੀਆਂ-ਸਕੋਰੀਆਂ ਪੱਗਡੰਡੀਆਂ ਦੇ ਉੱਤੇ
ਨਫ਼ਰਤਾਂ ਦੇ ਵਗਦੇ ਹੜ੍ਹਾਂ ਉੱਤੋਂ ਦੀ
ਅਸੀਂ ਤਾਣ ਦੇਂਦੇ ਹਾਂ ਆਪਣੀਆਂ ਬਾਹਾਂ ਦੇ ਪੁਲ ।

ਦੂਜਿਆਂ ਦੇ ਮਰਨੇ ਭਲਾ ਕੌਣ ਮਰਦਾ ਹੈ ?
ਇਹ ਤਾਂ ਅਸੀਂ ਹੀ ਹਾਂ
ਜੋ ਬਿਗਾਨੇ ਸੁੱਖਾਂ ਦੇ ਲਈ
ਆਪਣੀਆਂ ਹਿੱਕਾਂ ਨੂੰ ਬਣਾ ਛੱਡਦੇ ਹਾਂ ਕਬਰਾਂ
ਆਪਣੇ ਗੀਤਾਂ ਨੂੰ ਦੇ ਦਿੰਦੇ ਹਾਂ ਮਰਸੀਏ ਦਾ ਰੂਪ
ਤੇ ਸ਼ਬਦ ਸਾਡੇ ਕਬਰਸਤਾਨ ਦੇ ਸ਼ਿਲਾਲੇਖ ਹੁੰਦੇ ਹਨ ।

ਇਹ ਤਾਂ ਅਸੀਂ ਹੀ ਹਾਂ
ਜੋ ਬੁੱਤ ਬਣਕੇ ਨਹੀਂ
ਪੁੱਤ ਬਣਕੇ ਜਿਉਣਾ ਲੋਚਦੇ ਹਾਂ
ਪੁੱਤ ਮਾਵਾਂ ਦੇ ਦੁੱਧ ਦੀ ਲਾਜ ਪਾਲਦੇ ਹਨ
ਪੁੱਤ ਵਤਨ ਦੀ ਮਿੱਟੀ ਦੀ ਗ਼ੈਰਤ ਨੂੰ ਸਾਂਭਦੇ
ਸਰਹੱਦਾਂ ਤੇ ਡੋਲ੍ਹ ਜਾਂਦੇ ਹਨ ਮੋਤੀਓਂ ਮਹਿੰਗਾ ਲਹੂ
ਤੇ ਲਹੂ-ਭਿੱਜੀ ਮਿੱਟੀ
ਜਨਮ-ਦਾਤੀ ਦੇ ਮੱਥੇ ਦਾ ਸ਼ਿੰਗਾਰ ਬਣਦੀ ਹੈ ।

ਇਹ ਤਾਂ ਅਸੀਂ ਹੀ ਹਾਂ
ਕਿਸੇ ਵੀ ਸੱਸੀ ਦੇ ਭੁੱਜਦੇ ਪੈਰਾਂ ਦੇ ਹੇਠਾਂ
ਟਿਕਾ ਦਿੰਦੇ ਹਾਂ ਹੱਥਾਂ ਦੀਆਂ ਤਲੀਆਂ
ਤੇ ਸੇਕ ਲੈਂਦੇ ਹਾਂ
ਉਹਦੇ ਮੱਥੇ ਦਾ ਸਾਰਾ ਸੇਕ
ਫਿਰ ਉਹਦੀਆਂ ਪੈੜਾਂ ਦਾ ਬਣਕੇ ਗੀਤ
ਵਕਤ ਦੇ ਸਫ਼ੇ ਤੇ ਅਕਸਰ ਫੈਲ ਜਾਂਦੇ ਹਾਂ
ਸਾਨੂੰ ਨਿੱਜ ਦੀ ਕੁਲਹਿਣੀ ਛਾਂ ਮਾਣਨੀ ਨਹੀਂ ਆਈ
ਨਹੀਂ ਦੂਜਿਆਂ ਦੇ ਮਰਨੇ ਭਲਾ ਕੌਣ ਮਰਦਾ ਹੈ,
ਇਹ ਤਾਂ ਅਸੀਂ ਹੀ ਹਾਂ । ○○

## ਉਹ ਸੋਚਦੀ ਸੀ

ਉਹ ਸੋਚਦੀ ਸੀ ਕਿ
ਮੇਰੇ ਸਿਰ ਤੇ ਹੱਥੀਂ ਛਾਵਾਂ ਕਰੇਗੀ
ਤਾਂ ਕਿ ਮੇਰੇ ਭੁੱਜ ਰਹੇ ਪੈਰਾਂ ਨੂੰ ਸਕੂਨ ਜਿਹਾ ਮਿਲੇ
ਪਰ ਉਹਨੂੰ ਕੋਈ ਕੀ ਦੱਸੇ ।
ਕਿ ਹੱਥਾਂ ਦੀ ਛੱਤਰੀ
ਮੱਥੇ ਦਾ ਸੇਕ ਨਹੀਂ ਮਿਟਾ ਸਕਦੀ ।

ਉਹ ਮੇਰੇ ਘਰ ਦੇ ਬੂਹੇ ਖੜਕਾਉਂਦੀ ਰਹੀ
ਪਰ ਨਿਰ੍ਹੀ ਬਾਵਰੀ ਜਿਹੀ ਪੌਣ ਬਣਕੇ
ਆਉਣ ਤੇ ਤੁਰ ਜਾਣ ਦਾ ਸਫ਼ਰ
ਇਸ਼ਕ ਦੇ ਇਤਿਹਾਸ ਵਿਚ ਸ਼ਾਮਲ ਨਹੀਂ ਹੁੰਦਾ
ਮਟਕੀਲੀ ਪੌਣ ਬਣਕੇ ਆਉਣਾ
ਤੇ ਬਿਰਖ ਦਾ ਸਮੁੱਚਾ ਵਜੂਦ ਝੰਜੋੜ ਜਾਣਾ
ਮੁਹੱਬਤ ਦਾ ਹਲਫ਼ੀਆ ਬਿਆਨ ਨਹੀਂ
ਭਰਮ ਹੈ ਧੂੰਏਂ ਦੇ ਬੱਦਲ ਜਿਹਾ ।

ਹਿੱਕ ਦਾ ਦਰਦ ਤਾਂ ਦਬ ਜਾਂਦਾ ਹੈ
ਆਪੇ ਨੂੰ ਘੁੱਟ ਕੇ ਜੱਫ਼ੀ ਪਾਉਣ ਨਾਲ
ਪਰ ਮੱਥੇ ਦੀ ਟਸ੍ਹੂ ਟਸ੍ਹੂ ਕਰਦੀ
ਨਾੜ ਦੇ ਪੈਰਾਂ ਦੀ ਤੜਫ਼ਣ ਭਲਾ ਕੌਣ ਮੇਟੇਗਾ ।

ਉਹ ਸੋਚਦੀ ਸੀ ਕਿ
ਮੇਰੇ ਸਿਰ ਤੇ ਹੱਥੀਂ ਛਾਵਾਂ ਕਰੇਗੀ
ਮੇਰੀ ਵੀਰਾਨ ਬਚਦੀ ਜ਼ਿੰਦਗੀ ਦਾ
ਇਤਿਹਾਸ ਬਣੇਗੀ ।

ਪਰ ਬੂਹੇ ਤੇ ਨਹੁੰਦਰਾਂ ਦੇ ਨਿਸ਼ਾਨ
ਰਾਹਾਂ ਵਿਚ ਉੱਕਰੀਆਂ ਗਈਆਂ ਪੈੜਾਂ
ਅਤੇ ਹਵਾ ਵਿਚ ਬੋਲੇ ਗਏ ਬੋਲ
ਇਸ਼ਕ ਦੇ ਇਤਿਹਾਸ ਵਿਚ ਸ਼ਾਮਲ ਨਹੀਂ ਹੁੰਦੇ । ○

[ਬਰਨਾਲਾ, ਪੰਜਾਬ]

## ਦੋ ਕਵਿਤਾਵਾਂ

### ਫੂਲ ਚੰਦ ਮਾਨਵ

### ਆਧੁਨਿਕ

ਪੱਤਿਆਂ ਦਾ ਪਾਣੀ
ਅਤੇ ਪੱਤਲਾਂ ਦੀ ਚਿਕਨਾਈ ਡੀਕ ਕੇ
ਮੇਰੀ ਢਾਣੀ ਦੇ ਹਾਣੀ
ਹੁੰਦੇ ਹਨ ਜਦੋਂ ਵੀ ਆਧੁਨਿਕ
ਤਾਂ ਚੋਂਕਦਾ ਹੈ ਟਾਹਣੀਆਂ ਦਾ ਸਾਰਾ ਸਿਲਸਿਲਾ
ਚਿਹਰਾ, ਲਓ ਹਿੱਲਿਆ, ਕਿ ਹਿੱਲਿਆ...
ਪੱਤਿਆਂ ਦੀਆਂ ਧਾਰੀਆਂ
ਉਭਾਰਦੀਆਂ ਹਨ
ਪਗਡੰਡੀਆਂ
ਨਹੀਂ
ਇਹ ਕੰਡੀਆਂ ਨਹੀਂ
ਮੇਰੇ ਹੱਥ ਦੀਆਂ
ਰੇਖਾਵਾਂ ਹਨ
ਜੋ ਮੁਕੱਦਰ ਦੀਆਂ ਵੀ ਹੋ ਸਕਦੀਆਂ ਹਨ
ਪਰ ਇਨ੍ਹਾਂ ਵਿਚ ਆਧੁਨਿਕਤਾ ਕਿੱਥੇ ਹੈ ?
ਮੈਂ ਚਬਾਣੀਆਂ ਸਨ
ਰੇਖਾਵਾਂ—
ਪਾਨ ਦੇ ਪੱਤਿਆਂ ਦੀਆਂ !
ਪਗਡੰਡੀਆਂ ਜਾਂ ਧਾਰੀਆਂ
ਅਤੇ ਆਧੁਨਿਕਤਾ ਕੰਬ ਗਈ ਸੀ ।
ਪੱਤਲਾਂ ਦੇ ਜੋੜ ਹੋ ਗਏ ਸਨ ਢਿੱਲੇ
ਜਿਵੇਂ ਮੰਜੀ ਦੀਆਂ ਚੂਲਾਂ ਹੋਣ
ਅਰਥ ਦਾ ਅਕਸ ਹੈ ।
ਕਿ ਹੁਣ ਕਦੇ ਆਧੁਨਿਕਤਾ
ਬੂਲ੍ਹਾਂ ਨਹੀਂ ਲੰਘੇਗੀ
ਚੰਕਿ ਥੁੱਕਣ
ਜਾਂ ਸਮੇਟਣ ਲਈ
ਪੱਤਿਆਂ ਦਾ ਪਾਣੀ ਰਹਿ ਜਾਵੇਗਾ ।
ਜੋ ਇਕੱਲਾ
ਕਦੇ ਆਧੁਨਿਕਤਾ ਨਹੀਂ ਅਖਵਾਏਗਾ ।

### ਦੰਦ ਹੀ ਦੰਦ

ਕਿਸੇ ਇਕ ਖ਼ੁਦਾ ਦਾ ਨਾਂ ਲਓ
ਭਾਵੇਂ ਤੁਸੀਂ ਆਪਣਾ ਹੀ ।
ਕੱਟਣ ਕੁਤਰਣ ਤੋਂ ਲੈ ਕੇ
ਮਲਣ-ਮਸਲਣ ਤੀਕ ਦੇ ਸਾਰੇ ਦੌਰ ਵਿਚ
ਕਿਧਰੇ ਕੋਈ ਮੋਰੀ ਨਹੀਂ, ਕੋਈ ਮੋਘਾ ਨਹੀਂ,
ਬਸ ਦੰਦ ਹੀ ਦੰਦ ਹਨ
ਜਿਥੋਂ ਜਾਣ ਅਤੇ ਆਉਣ ਲਈ
ਜੀਭ ਲਚਕਦੀ ਰਹਿੰਦੀ ਹੈ
ਅਤੇ ਖ਼ੁਦਾ
ਮਾਰ ਖਾ ਜਾਂਦਾ ਹੈ ।
ਤੁਸੀਂ ਸਭੇ ਜਾਣਦੇ ਹੋ
ਆਪਣੇ ਆਪਣੇ ਦਫ਼ਤਰੀ ਦੀ
ਦੂਹਰੀ ਰਾਜਨੀਤੀ ਤੋਂ ਬਚਣਾ ਵੀ ਚਾਹੁੰਦੇ ਹੋ
ਅਤੇ ਰਚਣਾ ਚਾਹੁੰਦੇ ਹੋ ਇਕ ਨਰੋਆ ਸੰਸਾਰ
ਪਰ ਫੇਰ ਵਿੱਡ ਦੀ ਰਵਾਇਤ ਵਿਚ
ਦੰਦ ਅੱਗੇ ਆ ਜਾਂਦੇ ਹਨ
ਹੱਸਣ ਲਈ, ਹਿਚਕਣ ਲਈ
ਕਿਸੇ ਇਕ ਖ਼ੁਦਾ ਦਾ ਨਾਂ ਲਉ
ਭਾਵੇਂ ਤੁਸੀਂ ਆਪਣੇ ਹੀ...

---

### ਅਜੀਤ ਚੰਦਨ

### ਭਲਾ ਮੈਂ...

(ਭਾਰਤ ਤੋਂ ਦੂਰ ਬੇ-ਵਤਨੀ ਮਹਿਬੂਬ ਦੇ ਨਾਂ)

ਭਲਾ ਮੈਂ ਕਿਵੇਂ ਭੁੱਲ ਸਕਦਾ ਹਾਂ ਉਹ ਨੈਣ
ਜਿਨ੍ਹਾਂ ਵਿਚ ਸ਼ਰਾਬੀ ਰੰਗਤ ਤੋਂ ਬਿਨਾਂ ਪੂਰੇ ਦਾ ਪੂਰਾ ਮੈਂ ਸਾਂ
ਤੇ ਜੰਨਤ ਮੇਰੇ ਲਈ ਟਾਂਗੇ ਨਾਲ ਜੁੜਿਆ ਇਕ ਘੋੜਾ ਸੀ
ਜੋ ਸਾਈਡ ਖੋਪੇ ਦਿੱਤਿਆਂ ਚਲਦਾ ਰਹਿੰਦਾ ਹੈ...
ਸਭ ਆਸੇ ਪਾਸੇ ਖਲੋਤੀਆਂ ਪਹਾੜਾਂ ਜਿੰਨੀਆਂ ਉਚੀਆਂ
ਇਮਾਰਤਾਂ ਤੋਂ ਬੇਖਬਰ...

ਭਲਾਂ ਮੈਂ ਕਿਵੇਂ ਭੁੱਲ ਸਕਦਾ ਹਾਂ ਉਹ ਮੁਸਕਣੀ
ਜਿਸਦੀ ਕੈਦ 'ਚ ਬੰਦ ਮੈਂ ਆਪਣਾ ਆਪ ਤੱਕ ਭੁਲ ਗਿਆ ਸੀ
ਤੇ ਆਸੇ ਪਾਸੇ ਫਿਰਦੇ ਲੋਕ
ਮੇਰੇ ਲਈ ਬੱਤਖਾਂ ਸਨ ਜਾਂ ਮੁਰਗੀਆਂ
ਕੁੱਝ ਪਤਾ ਨਹੀਂ...

ਭਲਾਂ ਮੈਂ ਕਿਵੇਂ ਭੁੱਲ ਸਕਦਾ ਹਾਂ ਉਸ ਮਹਿਕਾਂ ਭਰੇ
ਜੁਆਨੀ ਵਾਲੇ ਪਲਾਂ ਦੀ ਮਹਿਕ...
ਜਦ ਮੈਂ ਅੱਧ-ਮਦਹੋਸ਼ ਆਪਣੀ ਲਾਸ਼ ਚੁੱਕੀ ਫਿਰਦਾ ਸਾਂ
ਜਿਵੇਂ ਕਿਸੇ ਜਾਦੂਗਰ ਨੇ
ਮੈਨੂੰ ਪੂਰੇ ਦੇ ਪੂਰੇ ਨੂੰ ਹਿਪਨੋਟਾਈਜ਼ ਕਰ ਦਿੱਤਾ ਹੋਵੇ
ਤੇ ਮੈਂ ਸੱਚਮੁੱਚ ਹੀ ਹਿਪਨੋਟਾਈਜ਼ ਹੋ ਗਿਆ ਸਾਂ
ਜਿਸ ਨੂੰ ਤੇਰੇ ਤੋਂ ਬਿਨਾਂ ਕਿਸੇ ਦੀ ਵੀ ਖ਼ਬਰ ਨਹੀਂ ਸੀ
ਆਪਣੇ ਆਪ ਦੀ ਵੀ ਨਹੀਂ...
ਆਪਣੀ ਪਿਛਲੀ ਪੀੜ੍ਹੀ ਦੀ ਵੀ ਨਹੀਂ...
ਤੇ ਆਉਣ ਵਾਲੀ ਪੀੜ੍ਹੀ ਦੀ ਵੀ ਨਹੀਂ...
ਹਾਂ—ਤੈਨੂੰ ਤਾਂ ਸੱਭ ਕੁੱਝ ਉੱਕਾ ਹੀ ਭੁੱਲ ਚੁੱਕਾ ਹੋਵੇਗਾ
ਮੈਨੂੰ ਪੂਰਨ ਯਕੀਨ ਹੈ ।

[ਲੁਧਿਆਣਾ-ਪੰਜਾਬ]

# ਪ੍ਰੋਫੈਸਰ ਮੋਹਨ ਸਿੰਘ

ਪੰਜਾਬੀ ਦੇ ਮਸ਼ਹੂਰ ਕਵੀ ਪ੍ਰੋਫੈਸਰ ਮੋਹਨ ਸਿੰਘ ਹੋਰਾਂ ਦਾ ਮਈ 3, 1978 ਨੂੰ ਦਿਹਾਂਤ ਹੋ ਗਿਆ ਹੈ। ਉਹਨਾਂ ਦੀ ਉਮਰ 73 ਸਾਲ ਦੀ ਸੀ। ਉਹਨਾਂ ਨੇ ਪੰਜਾਬੀ ਸਾਹਿਤ ਨੂੰ ਆਪਣੀਆਂ ਕਿਰਤਾਂ ਨਾਲ ਬਹੁਤ ਹੀ ਅਮੀਰ ਬਣਾਇਆ। ਇਸ ਲਈ ਪੰਜਾਬੀ ਸਾਹਿਤਕ ਜਗਤ ਉਹਨਾਂ ਦਾ ਹਮੇਸ਼ਾ ਦੇਣਦਾਰ ਰਹੇਗਾ। ਉਹਨਾਂ ਦੇ ਤੁਰ ਜਾਣ ਨਾਲ ਜਿਹੜਾ ਘਾਟਾ ਪਿਆ ਹੈ, ਉਹ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕੇਗਾ। 'ਵਤਨੋਂ ਦੂਰ' ਉਹਨਾਂ ਦੇ ਪ੍ਰਵਾਰ ਤੇ ਸਮੁੱਚੇ ਪੰਜਾਬੀ ਜਗਤ ਨਾਲ ਇਸ ਦੁੱਖ ਵਿਚ ਸ਼ਰੀਕ ਹੁੰਦਾ ਹੈ।



## ਕੁੜੀ ਪੋਠੋਹਾਰ ਦੀ

ਸਿਰ ਤੇ ਚੁੱਕੀ ਪੰਡ ਘਾਹ ਦੀ,
ਪੈਲਾਂ ਪਾਂਦੀ,
ਝੋਲੇ ਖਾਂਦੀ, ਆਈ ਕੁੜੀ ਪੋਠੋਹਾਰ ਦੀ।
ਸਾਵੇ ਸਾਵੇ ਘਾਹ ਦੇ ਥੱਬੇ,
ਵਿਚ ਵਿਚ ਝਾਕਣ ਨੀਲੇ ਪੀਲੇ
ਫੁੱਲ ਪਟਾਕੀ ਤੇ ਸਰਹੋਂ ਦੇ ;
ਹਰੀਆਂ ਹਰੀਆਂ, ਲੰਮੀਆਂ ਲੰਮੀਆਂ, ਘਾਹ ਦੀਆਂ ਤਣੀਆਂ,
ਲਮਕ ਲਮਕ ਕੇ ਮੂੰਹ ਤੇ ਪਈਆਂ,

ਘੁੰਗਟ ਵਾਂਗੂੰ —
ਐਸਾ ਜਾਲ ਉਹਨਾਂ ਨੇ ਬੁਣਿਆਂ,
ਝਲਕ ਨ ਪਈ ਨੁਹਾਰ ਦੀ।

ਬਿਗੜੀਆਂ ਵਾਲੀ ਸੁੱਥਣ ਕੁੰਜ ਕੇ
ਫੜ ਕੇ ਮੇਰੀ ਬਾਂਹ,
ਠਿਲ੍ਹ ਪਈ ਵਿਚ ਸੁਹਾਂ, ਕੁੜੀ ਪੋਠੋਹਾਰ ਦੀ।
ਗਿੱਟਿਆਂ ਤਾਣੀ, ਗੋਡਿਆਂ ਤਾਣੀ, ਲੱਕ ਲੱਕ ਤਾਣੀ,
ਚੜ੍ਹ ਗਿਆ ਪਾਣੀ ;

ਲੱਕ ਲੱਕ ਤਾਣੀ, ਗੋਡਿਆਂ ਤਾਣੀ, ਗਿੱਟਿਆਂ ਤਾਣੀ,
ਲਹਿ ਗਿਆ ਪਾਣੀ ;
ਅੱਖੀਂ ਲੁਕੀ ਕੋਇਲ ਵਾਂਗੂੰ,
'ਵੀਰਾ ਜੀਨਾਂ ਰਹੇਂ' ਆਖ ਕੇ,
ਛਡ ਗਈ ਮੇਰੀ ਬਾਂਹ, ਕੁੜੀ ਪੋਠੋਹਾਰ ਦੀ।

ਰੇਤੇ ਉਤੇ, ਪੰਛੀਆਂ ਵਾਂਗਰ
ਪੈਰਾਂ ਦੀ ਜ਼ੰਜੀਰ ਟੁਕਦੀ,
ਢੱਕੀ ਤੇ ਚੜ੍ਹ ਗਈ, ਕੁੜੀ ਪੋਠੋਹਾਰ ਦੀ।
ਲੰਮਾ ਪਤਲਾ ਬੁੱਤ ਉਸ ਦਾ,
ਬਿਛਾਂ ਦੇ ਵਿਚ ਬਿਛ ਹੋ ਗਿਆ ;
ਨਾ ਉਸ ਤੱਕਿਆ ਮੂੰਹ ਮੇਰੇ ਨੂੰ,
ਨਾ ਮੈਂ ਤੱਕਿਆ ਮੂੰਹ ਉਸ ਦੇ ਨੂੰ,
ਪਰ ਹਾਲੇ ਨਾ ਭੁੱਲੇ ਮੈਨੂੰ,
ਉਸ ਦੀ ਇਕ ਛੋਹ ਪਿਆਰ ਦੀ।
ਹੁਣ ਵੀ ਜਦ ਫ਼ਿਕਰਾਂ ਦਾ ਪਾਣੀ,
ਗ਼ਮਾਂ ਦੁਖਾਂ ਹੰਝੂਆਂ ਦਾ ਪਾਣੀ,
ਚੜ੍ਹਦਾ ਆਵੇ, ਲੱਕ ਲੱਕ ਤਾਣੀ,
ਗਲ ਗਲ ਤਾਣੀ, ਸਿਰ ਸਿਰ ਤਾਣੀ,

ਝੱਗ ਵਗਾਂਦਾ, ਪੈਰ ਉਖੜਾਂਦਾ —
ਸਿਰ ਤੇ ਚੁੱਕੀ ਪੰਡ ਘਾਹ ਦੀ,
ਪੈਲਾਂ ਪਾਂਦੀ,
ਝੋਲੇ ਖਾਂਦੀ,
'ਵੀਰਾ ਜੀਨਾ ਰਹੇਂ' ਬੁਲਾਂਦੀ,
ਆ ਕੇ ਫੜ ਲਏ ਮੇਰੀ ਬਾਂਹ,
ਗ਼ਮ-ਲਹਿਰਾਂ ਵਿਚ ਘੇਰੀ ਬਾਂਹ,
ਤੇ ਧੂੰਹਦੀ ਧੂੰਹਦੀ ਲਾ ਜਾਏ ਮੈਨੂੰ ਪਾਰ,
ਕੁੜੀ ਪੋਠੋਹਾਰ ਦੀ।

# ਸਤਵੰਤ ਸਿੰਘ



(ਵੈਨਕੂਵਰ ਦੇ ਜਾਣੇ ਪਛਾਣੇ ਤਬਲਾਵਾਦਕ ਨਾਲ ਇਕ ਮੁਲਾਕਾਤ)

ਅਜਮੇਰ ਰੋਡੇ: ਸਤਵੰਤ ਸਤ ਤੋਂ ਪਹਿਲਾਂ ਮੈਂ ਤੁਹਾਨੂੰ ਵੈਨਕੂਵਰ ਆਰਟ ਗੈਲਰੀ ਵਿਚ ਸੁਣਿਆ ਸੀ ਜਦੋਂ ਇਕੋ ਹੈਬੀਟੈਟ ਕਾਨਫਰੰਸ ਦੇ ਸਬੰਧ ਵਿਚ ਹੋਏ ਇਕ ਸਮਾਗਮ ਵਿਚ ਤੁਸੀ ਬਲਬੀਰ ਸਿੰਘ ਕੰਗ ਦੀ ਤਬਲੇ ਤੇ ਸੰਗਤ ਕੀਤੀ ਸੀ। ਸੋਹਣੇ ਤਬਲੇ ਦੇ ਬੋਲਾਂ ਤੇ ਸਰੋਤੇ ਝੂਮ ਰਹੇ ਸਨ ਤੇ ਖੂਬ ਖੂਬ ਦਾਦ ਦੇ ਰਹੇ ਸਨ।

ਸਤਵੰਤ: – ਉਸ ਸ਼ਾਮ ਮੈਨੂੰ ਵੀ ਤਬਲਾ ਵਜਾਉਣ ਦਾ ਬਹੁਤ ਅਨੰਦ ਆ ਗਿਆ ਸੀ।

ਅਜਮੇਰ: – ਇਸ ਸਮੇਂ ਵੈਨਕੂਵਰ ਵਿਚ ਭਾਰਤੀ ਸੰਗੀਤ ਨਾਲ ਸ਼ੌਕ ਰੱਖਣ ਵਾਲੇ ਲੋਕਾਂ ਵਿਚ ਤੁਹਾਡਾ ਨਾਂ ਜਾਣਿਆਂ ਪਛਾਣਿਆਂ ਹੈ – ਤੁਸੀਂ ਤਬਲਾ ਵਜਾਉਣਾ ਸ਼ੁਰੂ ਕਦੋਂ ਕੀਤਾ ਸੀ।

ਸਤਵੰਤ: – ਸੰਗੀਤ ਤਾਂ ਮੈਨੂੰ ਵਿਰਸੇ ਵਿਚ ਹੀ ਮਿਲਿਆ ਸੀ। ਮੇਰੇ ਪਿਤਾ ਸਿੰਘ ਸਾਹਿਬ ਗਿਆਨੀ ਸਰੀ ਸਿੰਘ ਜੀ ਸੰਗੀਤਕਾਰ ਹਨ। ਉਹਨਾਂ ਨਾਲ ਮੈਂ ਬਚਪਨ ਵਿਚ ਆਪਣੇ ਪਿੰਡ ਦੇ ਗੁਰਦਵਾਰੇ ਜਾਇਆ ਕਰਦਾ ਸੀ – ਢੋਲਕੀ ਅਤੇ ਤਬਲਾ ਮੈਂ ਗੁਰਦਵਾਰੇ ਹੀ ਸਿਖਣੇ ਸ਼ੁਰੂ ਕੀਤੇ – ਪੰਜ ਛੇ ਸਾਲਾਂ ਦੀ ਉਮਰ ਵਿਚ।

ਅਜਮੇਰ: – ਤਾਂ ਬਹੁਤੀ ਸਿਖਿਆ ਤੁਹਾਨੂੰ ਪਿਤਾ ਜੀ ਪਾਸੋਂ ਹੀ ਮਿਲੀ।

ਸਤਵੰਤ: – ਪਿਤਾ ਜੀ ਤਾਂ ਕੈਨੇਡਾ ਆ ਗਏ ਸਨ ਪਰ ਆਉਣ ਲੱਗੇ ਮੈਨੂੰ ਉਹ ਸੰਤ ਬਲਵੰਤ ਸਿੰਘ ਜੀ ਦੇ ਸਪੁਰਦ ਕਰ ਆਏ। ਸੰਤ ਬਲਵੰਤ ਸਿੰਘ ਜੀ ਰਾਗ ਤੇ ਤਾਲ ਵਿਦਿਆ ਵਿਚ ਨਿਪੁੰਨ ਸਨ। ਉਹਨਾਂ ਨੇ ਮੈਨੂੰ ਇਕ ਤਰ੍ਹਾਂ ਨਾਲ ਆਪਣਾ ਅੰਗ ਸਮਝ ਕੇ ਤਬਲਾ ਸਿਖਾਇਆ, ਉਹ ਸਹੀ ਅਰਥਾਂ ਵਿਚ ਮੇਰੇ ਗੁਰੂ ਹਨ।

ਅਜਮੇਰ: – ਹੋਰ ਵੀ ਕਿਸੇ ਪਾਸੋਂ ਪ੍ਰੇਰਨਾ ਮਿਲੀ?

ਸਤਵੰਤ: – ਮੇਰੇ ਮਾਤਾ (ਜਸਵੰਤ ਕੌਰ) ਜੀ ਨੂੰ ਵੀ ਸੰਗੀਤ ਨਾਲ ਪਿਆਰ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਆਪਣੇ ਮਾਤਾ ਪਿਤਾ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ ਹੀ ਸਭ ਕੁੱਝ ਸਿਖਿਆ ਹੈ।

ਅਜਮੇਰ: – ਇਹ ਤਾਂ ਖੁਸ਼ਕਿਸਮਤੀ ਵਾਲੀ ਗੱਲ ਹੈ – ਅਕਸਰ ਤਾਂ ਕਲਾਕਾਰਾਂ ਨੂੰ ਮਾਤਾ ਪਿਤਾ ਦੀਆਂ ਇੱਛਾਵਾਂ ਦੇ ਵਿਰੁੱਧ ਹੀ ਜੂਝਣਾ ਪੈਂਦਾ ਹੈ। ਤੁਸੀਂ ਕੈਨੇਡਾ ਕਦੋਂ ਕੁ ਆ ਗਏ ਸੀ?

ਸਤਵੰਤ: – ਸੰਤ ਬਲਵੰਤ ਸਿੰਘ ਹੁਰਾਂ ਪਾਸ ਤਿੰਨ ਸਾਲ ਸਿੱਖਣ ਤੋਂ ਪਿਛੋਂ ਮੈਂ ਕੈਨੇਡਾ ਆ ਗਿਆ – ਇਥੇ ਆ ਕੇ ਵੀ ਸਕੂਲ ਪੜ੍ਹਦਿਆਂ ਘਰੇ ਤਬਲੇ ਦਾ ਰਿਆਜ਼ ਜਾਰੀ ਰੱਖਿਆ। ਫੇਰ 1964-65 ਵਿਚ ਖੁਸ਼ਕਿਸਮਤੀ ਨਾਲ ਮੇਰਾ ਅੱਲਾ ਰੱਖਾ ਜੀ ਨਾਲ ਮੇਲ ਹੋ ਗਿਆ।

ਅਜਮੇਰ: – ਉਹ ਕਿਸ ਤਰ੍ਹਾਂ?

ਸਤਵੰਤ: – ਉਹ ਇਥੇ ਰਵੀ ਸ਼ੰਕਰ ਨਾਲ ਵੈਨਕੂਵਰ ਵਿਚ ਪ੍ਰੋਗਰਾਮ ਦੇਣ ਆਏ ਸਨ। ਪਿਤਾ ਜੀ ਨੇ ਉਨ੍ਹਾਂ ਨੂੰ ਘਰੇ ਖਾਣੇ ਲਈ ਬੁਲਾ। ਮੈਂ ਉਹਨਾਂ ਨੂੰ ਤਬਲਾ ਵਜਾ ਕੇ ਸੁਣਾਇਆ। ਉਹਨਾਂ ਨੇ ਮੇਰਾ ਹੱਥ ਅਤੇ ਸ਼ੌਕ ਦੇਖ ਕੇ ਹੱਲਾਸ਼ੇਰੀ ਦਿੱਤੀ – ਤਬਲੇ ਦੀ ਸਿਖਿਆ ਦੇਣੀ ਵੀ ਮੰਨ ਗਏ।

ਅਜਮੇਰ: – ਅੱਲਾ ਰੱਖਾ ਤਾਂ ਚੋਟੀ ਦੇ ਤਬਲਾਵਾਦਕ ਹਨ – ਉਹਨਾਂ ਤੋਂ ਤੁਸੀਂ ਕਿੰਨਾ ਕੁ ਸਮਾਂ ਸਿੱਖਿਆ ਲਈ?

ਸਤਵੰਤ :- ਪਹਿਲਾਂ ਦੋ ਮਹੀਨੇ ਲੌਸ ਏਂਜਲਸ ਕਿਨਾਰਾ ਸਕੂਲ (ਰਵੀ ਸ਼ੰਕਰ ਵਲੋਂ ਸਥਾਪਿਤ) ਵਿਚ ਅੱਲਾ ਰੱਖਾ ਜੀ ਪਾਸ ਰਹੇ। ਉਸ ਪਿੱਛੋਂ ਜਿਥੇ ਕਿਤੇ ਵੀ ਉਹਨਾਂ ਨਾਲ ਮੇਲ ਹੋ ਗਿਆ ਉਥੇ ਹੀ ਦੋ ਤਿੰਨ ਘੰਟੇ ਉਨ੍ਹਾਂ ਕੋਲੋਂ ਸਿੱਖ ਲਿਆ। ਕਦੇ ਨਿਊਯਾਰਕ ਕਦੇ ਓਸਾਕਾ (ਜਾਪਾਨ) ਤੇ ਕਦੇ ਕਿਤੇ - ਉਹ ਮੈਨੂੰ ਪਿਆਰ ਨਾਲ ਸਿਖਾਂਦੇ ਹਨ ਤੇ ਮੈਂ ਸ਼ਰਧਾ ਨਾਲ ਉਹਨਾਂ ਪਾਸੋਂ ਗ੍ਰਹਿਣ ਕਰਦਾ ਹਾਂ।

ਅਜਮੇਰ:- ਪੱਛਮੀ ਸੰਗੀਤ ਵਿਚ ਦਿਲਚਸਪੀ ਕਦੋਂ ਸ਼ੁਰੂ ਹੋਈ?

ਸਤਵੰਤ :- ਸਕੂਲ ਪੜ੍ਹਦਿਆਂ ਡਰੱਮ ਵਜਾਉਣ ਵਿਚ ਸ਼ੌਕ ਹੋ ਗਿਆ - ਫੇਰ ਹੋਰ ਵੀ ਕਈ ਕਿਸਮ ਦੇ ਪੱਛਮੀ ਸਾਜ਼ ਕਾਂਗੋ, ਬੋਂਗੋ ਆਦਿ ਤੇ ਹੱਥ ਅਜ਼ਮਾਇਆ। ਉਹਨੀਂ ਦਿਨੀਂ ਪੌਪੀ ਫੈਮਲੀ ਦੇ ਲੀਡ ਗਿਟਾਰਿਸਟ ਕਰੇਗ ਮਕਾਅ ਨੂੰ ਸਿਤਾਰ ਵਿਚ ਬੜੀ ਦਿਲਚਸਪੀ ਸੀ ਉਹ ਕਿਸੇ ਤਬਲੇ ਵਾਲੇ ਦੀ ਤਲਾਸ਼ ਵਿਚ ਸੀ। ਇਕ ਦਿਨ ਉਹ ਨੇ ਸੀ.ਬੀ.ਸੀ. ਵਿਚੋਂ ਮੇਰਾ ਨੰਬਰ ਲੈ ਲਿਆ ਤੇ ਮੈਨੂੰ ਫੋਨ ਕਰ ਦਿੱਤਾ।

ਅਜਮੇਰ:- ਉਹਨਾਂ ਨਾਲ ਤਬਲਾ ਵਜਾਇਆ ਜਾਂ ਡਰੱਮ?

ਸਤਵੰਤ :- ਤਬਲਾ। ਪਹਿਲਾਂ ਤਾਂ ਤਜਰਬੇ ਵਜੋਂ ਇਕ ਛੋਟਾ ਰੀਕਾਰਡ ਤਿਆਰ ਕੀਤਾ: BEYOND THE CLOUDS. ਸਾਡੀ ਖੁਸ਼ਕਿਸਮਤੀ ਨੂੰ ਇਹ ਕੈਨੇਡਾ ਵਿਚ ਨੰਬਰ ਵਨ ਰੀਕਾਰਡ ਹੋ ਨਿਬੜਿਆ। ਗਰੁੱਪ ਮਸ਼ਹੂਰ ਹੋ ਗਿਆ ਤੇ ਮੈਨੂੰ ਉਹਨਾਂ ਨੇ ਪੱਕੀ ਤਰ੍ਹਾਂ ਨਾਲ ਰਲਾ ਲਿਆ।

ਅਜਮੇਰ:- ਫੇਰ ਤਾਂ ਬੜਾ ਉਤਸ਼ਾਹ ਮਿਲਿਆ ਹੋਵੇਗਾ। ਪੌਪੀ ਫੈਮਲੀ ਨਾਲ ਕਿੰਨੀ ਕੁ ਦੇਰ ਰਹੇ?

ਸਤਵੰਤ :- ਬਸ ਕਦੇ ਰਲ ਗਿਆ ਤੇ ਕਦੇ ਹਟ ਗਿਆ - ਇਸ ਤਰ੍ਹਾਂ ਮੈਂ ਤਕਰੀਬਨ ਸੱਤ ਸਾਲ ਪੌਪੀ ਫੈਮਲੀ ਨਾਲ ਰਹੇ।

ਅਜਮੇਰ:- ਸਫਲਤਾ ਕਿੰਨੀ ਕੁ ਮਿਲੀ?

ਸਤਵੰਤ :- ਸਫਲਤਾ ਬਹੁਤ ਮਿਲੀ। ਸਾਡੇ ਚਾਰ ਐਲ. ਪੀ. ਤਾਂ ਕੈਨੇਡਾ ਵਿਚ ਨੰਬਰ ਵੱਨ ਰਹੇ। ਇਹਨਾਂ ਤੋਂ ਬਿਨਾਂ ਹੋਰ ਵੀ ਕਈ ਨੰਬਰ ਤਿਆਰ ਕੀਤੇ। ਗਰੁੱਪ ਨਾਲ ਈਸਟਰਨ ਕੈਨੇਡਾ, ਅਮਰੀਕਾ, ਇੰਗਲੈਂਡ ਜਰਮਨੀ ਸਾਈਪ੍ਰਸ ਆਦਿ ਘੁੰਮੇ। 1970 ਵਿਚ ਜਾਪਾਨ (ਓਸਾਕਾ) EXPO ਵਿਚ ਕੈਨੇਡੀਅਨ ਗੌਰਮੈਂਟ ਨੂੰ ਰਿਪ੍ਰੈਜ਼ੈਂਟ ਕੀਤਾ। ਫੇਰ ਜਰਮਨੀ ਤੇ ਸਾਈਪ੍ਰਸ ਵਿਚ ਗੌਰਮੈਂਟ ਵਲੋਂ ਕੈਨੇਡੀਅਨ ਫੌਜਾਂ ਦੇ ਮਨੋਰੰਜਨ ਲਈ ਗਏ। ਹੋਰ ਵੀ ਕਿੰਨਾ ਹੀ ਕੁੱਝ ਕੀਤਾ, ਵੇਖਿਆ।

ਅਜਮੇਰ:- ਤੇ ਸਫਲਤਾ ਦੇ ਇਸ ਦੌਰਾਨ ਵਿਚ ਭਾਰਤੀ ਸੰਗੀਤ ਨਾਲ ਰਿਸ਼ਤਾ ਕਿਵੇਂ ਰਿਹਾ?

ਸਤਵੰਤ :- ਰਿਸ਼ਤਾ ਕਾਇਮ ਰਿਹਾ। 1970 ਵਿਚ ਮੈਂ EXPO (ਜਾਪਾਨ) ਤੋਂ ਪੌਪੀ ਫੈਮਲੀ ਨੂੰ ਛੱਡ ਕੇ ਸਿੱਧਾ ਦਿੱਲੀ ਚਲਾ ਗਿਆ। ਭਾਰਤੀ ਸੰਗੀਤ ਨੇ ਫੇਰ ਖਿੱਚ ਪਾਈ। ਉਥੇ ਮੈਂ ਗੋਪੀ ਕ੍ਰਿਸ਼ਨ ਸਕੂਲ ਔਫ ਡਾਨਸ ਵਿਚ ਛੇ ਮਹੀਨੇ ਰਿਹਾ। ਬੇਕੇ ਮਹਾਰਾਜ ਬਿਰਜੂ ਤੇ ਹੋਰ ਕਈ ਤਬਲੇ ਦੇ ਮਾਹਿਰਾਂ ਦੀ ਸੰਗਤ ਵਿਚ ਰਹਿਣ ਦਾ ਮੌਕਾ ਮਿਲਿਆ।

ਅਜਮੇਰ:- ਉਥੋਂ ਵਾਪਿਸ ਆਕੇ ਵੀ ਕਿਸੇ ਕੋਲੋਂ ਤਬਲਾ ਸਿੱਖਿਆ?

ਸਤਵੰਤ :- 1976 ਵਿਚ ਮੈਂ ਕੈਲੀਫੋਰਨੀਆਂ, ਅਲੀ ਅਕਬਰ ਖਾਨ ਸਕੂਲ ਔਫ ਮਿਊਜ਼ਿਕ ਵਿਚ ਚਲਾ ਗਿਆ। ਉਥੇ ਪਰਮ ਸ੍ਰੀ ਗਿਆਨ ਪ੍ਰਕਾਸ਼ ਘੋਸ਼ ਕੋਲੋਂ ਦੋ ਮਹੀਨੇ ਸਿੱਖਿਆ ਲਈ।

ਅਜਮੇਰ:- ਫੇਰ ਤਾਂ ਤੁਹਾਨੂੰ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਣਾ ਚਾਹੀਦੈ - ਕੈਨੇਡਾ ਰਹਿ ਕੇ ਵੀ ਇਤਨੇ ਵੱਡੇ ਸੰਗੀਤਕਾਰਾਂ ਕੋਲੋਂ ਸਿੱਖਣ ਦਾ ਮੌਕਾ ਮਿਲ ਗਿਆ। ਵੈਨ-ਕੂਵਰ ਵਿਚ ਤੁਸੀਂ ਕਿਨੇ ਕੁ ਸੰਗੀਤਕਾਰਾਂ ਨਾਲ ਸੰਗਤ ਕੀਤੀ ਹੈ?

ਸਤਵੰਤ :- ਇਸ ਤਰ੍ਹਾਂ ਤਾਂ ਕੋਈ ਗਿਣਤੀ ਯਾਦ ਨਹੀਂ। ਕਲਾਸੀਕਲ ਸੰਗੀਤ ਵਿਚ ਜਤੇਂਦਰ ਅਭਿਸ਼ੇਕੀ, ਬਲਬੀਰ ਸਿੰਘ ਕੰਗ ਤੇ ਹੋਰ ਕਈ ਗੁਣੀ ਜਨਾਂ ਨਾਲ ਸੰਗਤ ਕੀਤੀ ਹੈ। ਲਾਈਟ ਸੰਗੀਤ ਦੀਆਂ ਮਹਿਫਲਾਂ ਵਿਚ ਸਲੀਮ ਰਜ਼ਾ, ਸ਼ਮਸ਼ੂ ਸਮਾਣ ਤੇ ਹੋਰ ਕਿੰਨੇ ਹੀ ਕਲਾਕਾਰਾਂ ਨਾਲ ਤਬਲਾ ਅਜ਼ਮਾਇਆ ਹੈ।

ਅਜਮੇਰ:- ਤੁਹਾਡਾ ਤਬਲੇ ਉਤੇ ਚਲਦਿਆਂ ਬਿਜਲੀ ਜਿੰਨਾ ਤੇ ਜਾਦੂਗਰ ਹੱਥ ਚਲਦਾ ਵੇਖ ਕੇ ਸ਼ਾਇਦ ਕੁੱਝ ਲੋਕਾਂ ਨੇ ਤੁਹਾਨੂੰ ਬਾਇਓਨਿਕ ਤਬਲਾਵਾਦਕ (BIONIC TABLA PLAYER) ਦਾ ਖਿਤਾਬ ਦਿੱਤਾ ਹੈ।

ਸਤਵੰਤ :- ਲੋਕ ਤਾਂ ਕੁੱਝ ਨਾ ਕੁੱਝ ਕਹਿੰਦੇ ਹੀ ਰਹਿੰਦੇ ਨੇ - ਮੈਨੂੰ ਇਹੋ ਜਿਹੇ ਖਿਤਾਬਾਂ ਵਿਚ ਕੋਈ ਦਿਲਚਸਪੀ ਨਹੀਂ - ਸਿਰਫ ਤਬਲੇ ਨਾਲ ਲਗਨ ਹੈ। ਮੈਨੂੰ ਤਾਂ ਇਹੀ ਮਹਿਸੂਸ ਹੁੰਦਾ ਰਹਿੰਦੈ - ਮੈਂ ਅਜੇ ਬਹੁਤ ਕੁੱਝ ਸਿੱਖਣਾ ਹੈ।

ਅਜਮੇਰ:- ਤੁਹਾਨੂੰ ਆਪਣੇ ਆਪ ਨੂੰ ਤਸੱਲੀ ਜ਼ਿਆਦਾ ਕਦੋਂ ਮਿਲਦੀ ਹੈ - ਭਾਰਤੀ ਸੰਗੀਤ ਨਾਲ ਜਾਂ ਪੱਛਮੀ ਗਰੁੱਪ ਨਾਲ ਵਜਾਉਣ ਸਮੇਂ?

ਸਤਜੀਤ:- ਰੂਹ ਨੂੰ ਅਸਲੀ ਅਨੰਦ ਤਾਂ ਭਾਰਤੀ ਸੰਗੀਤ ਦੀ ਸੰਗਤ ਕਰਨ ਸਮੇਂ ਹੀ ਮਿਲਦਾ ਹੈ।

ਅਜਮੇਰ:- ਉਂਜ ਤਾਂ ਭਾਰਤੀ ਅਤੇ ਪੱਛਮੀ ਸੰਗੀਤ ਵਿਚ ਬਹੁਤ ਅੰਤਰ ਹੈ ਹੀ, ਪਰ ਜਿੱਥੋਂ ਤੱਕ ਤਾਲ ਦਾ ਸੰਬੰਧ ਹੈ ਤਬਲੇ ਅਤੇ ਡਰੱਮ ਵਿਚ ਕਿੰਨਾ ਕੁ ਫਰਕ ਹੈ? ਦੋਵੇਂ ਸਮੇਂ ਦੀ ਮਿਣਤੀ ਹੀ ਤਾਂ ਕਰਦੇ ਹਨ?

ਸਤਜੀਤ:- ਮਿਣਤੀ ਤਾਂ ਠੀਕ ਦੋਵੇਂ ਸਮੇਂ ਦੀ ਹੀ ਕਰਦੇ ਹਨ - ਫੇਰ ਵੀ ਤਬਲੇ ਅਤੇ ਡਰੱਮ ਵਿਚ ਬਹੁਤ ਫਰਕ ਹੈ। ਪੱਛਮੀ ਡਰੱਮ ਚਲੇ ਅਤੇ ਤੌਰ ਛੇ ਅਤੇ ਅੱਠ ਮਾਤਰਾ ਦੇ ਤਾਲਾਂ ਤੇ ਹੀ ਘੁੰਮਦੇ ਰਹੇ ਹਨ। ਹੁਣ ਆਕੇ (ਉਹ ਵੀ ਸ਼ਾਇਦ ਸਾਨੂੰ ਵੇਖ ਕੇ) ਔਡ ਮਾਤਰਾਂ ਦੇ ਤਾਲਾਂ ਨੂੰ ਸ਼ੁਰੂ ਕਰਨ ਲੱਗੇ ਹਨ। ਤਬਲਾ ਸੰਗੀਤ ਵਿਚ ਔਡ ਮਾਤਰਾ (ODD BEATS) ਦੇ ਅਨੇਕਾਂ ਤਾਲ ਕਦੋਂ ਦੇ ਮੌਜੂਦ ਹਨ। ਤਬਲੇ ਵਿਚ ਡਰੱਮ ਨਾਲੋਂ ਜ਼ਿਆਦਾ ਗੁੰਜਾਇਸ਼ ਹੈ। ਇੰਪਰੋਵਾਈਜ਼ ਕਰਨ ਦੀ ਸਮਰੱਥਾ ਹੈ।

ਅਜਮੇਰ:- ਕਲਾਸੀਕਲ ਅਤੇ ਲਾਈਟ ਸੰਗੀਤ ਦੀ ਸੰਗਤ ਕਰਨ ਸਮੇਂ ਕਿਸ ਤਰ੍ਹਾਂ ਦਾ ਫਰਕ ਮਹਿਸੂਸ ਹੁੰਦਾ ਹੈ - ਕਿਹੋ ਜਿਹਾ ਅਨੁਭਵ ਹੁੰਦਾ ਹੈ।

ਸਤਜੀਤ:- ਰੂਹ ਦੀ ਭੁੱਖ ਤਾਂ ਭਾਵੇਂ ਕਲਾਸੀਕਲ ਸੰਗੀਤ ਦੀ ਸੰਗਤ ਕਰਨ ਸਮੇਂ ਹੀ ਮਿਟਦੀ ਹੈ - ਉਸ ਤਰ੍ਹਾਂ ਮੈਨੂੰ ਲਾਈਟ ਸੰਗੀਤ ਬਹੁਤ ਸੁਹਣਾ ਲਗਦੈ। ਲਾਈਟ ਸੰਗੀਤ ਦੇ ਸਰੋਤੇ ਜ਼ਿਆਦਾ ਹੁੰਦੇ ਹਨ। ਮੈਂ ਆਪਣੀ ਕਲਾ ਵੱਧ ਤੋਂ ਵੱਧ ਲੋਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ - ਇਸ ਨਾਲ ਮੈਨੂੰ ਤਸੱਲੀ ਮਿਲਦੀ ਹੈ - ਮੈਂ ਲੋਕਾਂ ਦੀ ਸੇਵਾ ਕਰਨਾ ਚਾਹੁੰਦਾ ਹਾਂ।

ਅਜਮੇਰ:- ਇਹ ਤਾਂ ਬਹੁਤ ਵਧੀਆ ਐਟੀਚਿਊਡ ਹੈ। ਅਸਲ ਵਿਚ ਸਾਡੇ ਕਲਾਕਾਰਾਂ ਦਾ ਰਵੱਈਆ ਕੁਝ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਹੁਣ ਭਵਿੱਖ ਬਾਰੇ ਦੱਸੋ ਕੀ ਸਕੀਮਾਂ ਹਨ? ਕੀ ਸੁਪਨੇ ਹਨ?

ਸਤਜੀਤ:- ਹੁਣ ਤੱਕ ਤਾਂ, ਸੱਚੀ ਗੱਲ ਮੈਂ ਦੁਬਿਧਾ ਵਿਚ ਹੀ ਰਿਹਾ ਹਾਂ। ਇਕ ਪਾਸੇ ਪੱਛਮੀ ਸੰਗੀਤ ਹੈ - ਜਿਸ ਵਿਚ ਪੈਸੇ ਦੀ, ਸ਼ੋਹਰਤ ਦੀ ਸੰਭਾਵਨਾ ਬਹੁਤ ਹੈ; ਜੇ ਕਿਸੇ ਚੰਗੇ ਗਰੁੱਪ ਨਾਲ ਰਲ ਜਾਵਾਂ। ਦੂਜੇ ਪਾਸੇ ਭਾਰਤੀ ਸੰਗੀਤ ਹੈ - ਜਿਸ ਵਿਚ ਰੂਹ ਦੀ ਤ੍ਰਿਪਤੀ ਹੈ - ਜ਼ਿੰਦਗੀ ਦੇ ਆਦਰਸ਼ ਦੀ ਪੂਰਤੀ ਦਿਸਦੀ ਹੈ।

ਅਜਮੇਰ:- ਫੇਰ ਇਸ ਦੁਬਿਧਾ ਵਿਚੋਂ ਕਦੋਂ ਕੁ ਨਿਕਲਣ ਦੀ ਆਸ ਹੈ?

ਸਤਜੀਤ:- ਨਿਕਲ ਵੀ ਚੁੱਕਾ ਹਾਂ। ਮੈਂ ਪੱਛਮੀ ਸੰਗੀਤ ਨੂੰ ਤਿਆਗ ਦਿੱਤਾ ਹੈ ਤੇ ਭਾਰਤੀ ਸੰਗੀਤ ਵਿਚ ਪੂਰ ਤੌਰ ਖੁੱਭ ਜਾਣ ਦਾ ਫੈਸਲਾ ਕਰ ਲਿਆ ਹੈ। ਇਸ ਲਈ ਛੇਤੀ ਹੀ ਇੰਡੀਆ ਜਾ ਰਿਹਾ ਹਾਂ - ਤਬਲਾ-ਕਲਾ ਦਾ ਡੂੰਘਾ ਗਿਆਨ ਹਾਸਲ ਕਰਨ ਲਈ।

ਅਜਮੇਰ:- ਇਹ ਤਾਂ ਬਹੁਤ ਕਮਾਲ ਦਾ ਫੈਸਲਾ ਹੈ - ਸਭ ਕੁਝ ਛੱਡ ਛੁਡਾ ਕੇ ਇੰਡੀਆ ਚਲੇ ਜਾਣਾ - ਸਿਰਫ਼ ਤਬਲੇ ਲਈ।

ਸਤਜੀਤ:- ਸਿਰਫ਼ ਤਬਲੇ ਲਈ। ਮੈਂ ਹੋਰ ਸਭ ਵਿਚਾਰੇ ਛੱਡ ਦਿੱਤੇ ਹਨ। ਪੁੱਛ ਲਓ ਮੰਮੀ ਕੋਲ ਬੈਠੀ ਹੈ।

ਜਸਜੀਤ ਕੌਰ:- ਬੱਸ ਇਸ ਤਰ੍ਹਾਂ ਹੀ ਸਮਝੋ - ਇਹ ਤਾਂ ਕਹਿ ਦਿੰਦੈ ਮੇਰਾ ਵਿਆਹ ਵੀ ਤਬਲੇ ਨਾਲ ਹੀ ਹੋਇਐ। ਤੇ ਅਸੀਂ ਇਹ ਰਿਸ਼ਤਾ ਮਨਜ਼ੂਰ ਕਰ ਲਿਆ। ਇਸ ਦੀ ਖ਼ਾਹਿਸ਼ ਉੱਚੇ ਦਰਜੇ ਦਾ ਕਲਾਕਾਰ ਬਣਨ ਦੀ ਹੈ। ਮੈਂ ਖੁਸ਼ ਹਾਂ - ਮੇਰੀਆਂ ਅਸੀਸਾਂ ਤੇ ਸ਼ੁੱਭ ਇੱਛਾਵਾਂ ਸਦਾ ਇਸ ਦੇ ਨਾਲ ਹਨ।

ਅਜਮੇਰ:- ਜੇ ਕਲਾਕਾਰਾਂ ਨੂੰ ਮਾਤਾ ਪਿਤਾ ਵੱਲੋਂ ਇਤਨਾ ਉਤਸ਼ਾਹ ਮਿਲੇ ਤਾਂ ਹੋਰ ਕੀ ਚਾਹੀਦੈ। ਪਰ ਕੀ ਤੁਸੀਂ ਆਪਣੀ ਸਾਰੀ ਕਲਾ ਦਾ ਪ੍ਰਗਟਾ ਤਬਲੇ ਰਾਹੀਂ ਹੀ ਕਰਨਾ ਹੈ ਜਾਂ ਹੋਰ ਵੀ ਕਿਸੇ ਸਾਜ਼ ਤੇ ਹੱਥ ਅਜ਼ਮਾਉਣਾ ਹੈ।

ਸਤਜੀਤ:- ਅਜੇ ਤਾਂ ਮੈਨੂੰ ਤਬਲੇ ਨਾਲ ਹੀ ਇਸ਼ਕ ਹੈ - ਏਸੇ ਰਾਹੀਂ ਹੀ ਮੈਂ ਆਪਣੀ ਕਲਾ ਦਾ ਪ੍ਰਗਟਾ ਕਰ ਸਕਦਾ ਹਾਂ। ਤਬਲਾ ਮੇਰੇ ਲਈ ਰੱਬ ਹੈ - ਮੈਂ ਇਸ ਦੀ ਪੂਰ ਡੂੰਘਾਈ ਤੱਕ ਜਾਣਾ ਚਾਹੁੰਦਾ ਹਾਂ - ਉਸ ਹੱਦ ਤੱਕ ਜਾਣਾ ਚਾਹੁੰਦਾ ਹਾਂ ਕਿ ਹਿੰਦੁਸਤਾਨੀ ਸੰਗੀਤ ਦੇ ਮਹਾਨ ਕਲਾਕਾਰ ਮੇਰੇ ਤਬਲੇ ਦੀ ਸੰਗਤ ਦੇ ਚਾਹਵਾਨ ਹੋਣ।

ਅਜਮੇਰ:- ਅੰਤ ਵਿਚ ਬੱਸ ਇਤਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਤੁਹਾਡਾ ਤਬਲੇ ਨਾਲ ਮੋਹ ਡੂੰਘਾ ਹੈ ਉਤਨੇ ਹੀ ਵਿਚਾਰ ਬੁਲੰਦ ਹਨ। ਮੇਰੀ ਦੁਆ ਹੈ ਸਫਲਤਾ ਤੁਹਾਡੇ ਕਦਮ ਚੁੰਮੇ।

**If you are looking for**
*** Quality**
*** Price**
*** After Sale Service when buying your car contact**



ਹਰ ਪਰਕਾਰ ਦੀ ਕਾਰ
ਖਰੀਦਨ ਜਾਂ ਟਰੇਡ ਕਰਨੀ
ਹੋਵੇ ਤਾਂ ਕੁਲਦੀਪ ਝੰਡ
ਨੂੰ ਕਾਰ ਖਰੀਦਣ ਤੋਂ
ਪਹਿਲਾਂ ਜ਼ਰੂਰ ਮਿਲੋ ਜਾਂ
ਫੂਨ ਕਰੋ।



Kuldip Singh Jhand
**Res. 524-4137**

OFFICE **521-7731**

# WESTMINSTER CHEVROLET-OLDSMOLILE

**12 Street & Queens Ave.**
**New Westminster**



# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:
* ਫਰਿੱਜ
* ਸਟੋਵ
* ਡਰਾਇਰ
* ਵਾਸ਼ਰ
ਖਰਾਬ ਹੋਣ ਕਰਕੇ ਨਾ-ਖੁਸ਼ ਹੋ? ਮੁਰੰਮਤ ਲਈ ਫੋਨ ਕਰੋ:
ਉਦੈ ਕੋਰੋਟਾਣਾ

•

FRIDGES, FREEZES, RANGES, WASHERS & DRYERS

•

• MOST RELIABLE SERVICE •
at
• REASONABLE RATES •

Ask for UDAY KOROTANA

810 - 20th St. Bus. 521-5517
New Westminster



# *Remember When . . .*

There was a time when Sun Life simply handled life insurance. Times have changed and so have we. Today with so many types of insurance available, you have to be knowledgeable to choose the one just right for you. I'd like to help you make that choice. Let me use my knowledge and experience to help you with your personal financial planning. Call me today, and you'll see why personal service is my assurance of satisfied customers.



MOHINDAR S. GILL, B.COMM., M.B.A., C.G.A.

VANCOUVER ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

Please send me complete information on the above Sun Life Plan. I understand there is no obligation.

Name ..................

Address ..................

City ..................

Province ..................

Get your life in shape.
**SUN LIFE**
**OF CANADA**

**Telephone: Off: 682-8441**
**Res: 433-1684**

# ਘਾਲਾ ਮਾਲਾ

ਗਿੱਲ ਅਵਤਾਰ

'ਖ਼ੂੱਲ ਦੋ ਸੌ ?' ਮਾਸਟਰ ਦਾ ਮੂੰਹ ਅੱਡਿਆ ਰਹਿ ਗਿਆ। ਚੌਂਕ ਉਹਨੇ ਇਕ ਵਾਰ ਫਿਰ ਦੇਖਿਆ। ਫਿਰ ਉਹੀ ਇਕ ਦੂਣੀ ਅਤੇ ਦੋ ਸਿਫ਼ਰੇ। ਚੋਰਾਂ ਉੱਤੇ ਮੋਰ ਪੈਂਦੇ ਉਹਨੇ ਕਈ ਵਾਰ ਦੇਖੇ ਸਨ, ਮੋਰਾਂ ਉਤੇ ਸ਼ਿਕਾਰੀ ਪੈਣ ਦਾ ਕਦੀ ਕਿਆਸ ਵੀ ਨਹੀਂ ਸੀ ਕੀਤਾ।

ਮਾਸਟਰ ਕੱਦ ਦਾ ਮਧਰਾ, ਸਿਰੋਂ ਗੰਜਾ, ਜਣੇ ਖਣੇ ਨਾਲ ਹੱਸ ਕੇ ਬੋਲਣ ਵਾਲਾ ਬੰਦਾ ਸੀ। ਦਿਨ ਦਿਹਾਰ ਵੇਲੇ ਲੋਕ ਉਹਦੀ ਸਲਾਹ ਲੈਂਦੇ ਸਨ। ਸਾਂਝੇ ਕੰਮਾਂ ਵਿਚ ਉਹ ਮੋਹਰੀ ਹੁੰਦਾ ਸੀ।

ਅਰਜਣ ਸਿੰਘ ਮਜ਼ਦੂਰ ਸਭਾ ਦਾ ਅਜੇ ਨਵਾਂ ਨਵਾਂ ਪ੍ਰਧਾਨ ਬਣਿਆ ਸੀ, ਅਮੀਨ ਨੂੰ ਦੌਰਾ ਪੈ ਗਿਆ। ਯੁਗੰਡਾ ਦੀਆਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਏਸ਼ੀਅਨ ਹਨ : ਜਹਾਜ਼ਾਂ ਦੇ ਜ਼ਹਾਜ਼ ਏਸ਼ੀਅਨਾਂ ਨਾਲ ਭਰੇ ਹੋਏ ਇੰਗਲੈਂਡ ਪਹੁੰਚਣ ਲੱਗੇ। ਸਰਕਾਰੀ ਕੈਂਪ ਖੁਲ੍ਹਣ ਲਗ ਪਏ। ਮਜ਼ਦੂਰ ਸਭਾ ਇਮਦਾਦ ਲਈ ਦੌੜ ਭਜ ਕਰਨ ਲੱਗੀ।

ਪ੍ਰਧਾਨ ਨੂੰ ਦਰ ਦਰ ਜਾਂਦੇ ਨੂੰ ਸ਼ਰਮ ਆਉਂਦੀ ਸੀ। ਅਖੇ ਵਪਾਰੀ ਆਦਮੀ ਠੂਠਾ ਫੜੀ ਫਿਰਦਾ ਢੁੱਕੀ ਡਿੱਕੀ ਜਿਹਾ ਲਗਦਾ। ਨੱਚਣ ਲੱਗੀ ਤਾਂ ਘੁੰਡ ਕੇਹਾ। ਤੁਰ ਪਿਆ। ਸਾਰਾ ਦਿਨ ਘੁੰਮਦੇ ਫਿਰੇ, ਪੌਂਡ ਇਕੱਠੇ ਹੋਏ ਕੁੱਲ ਸੱਤਰ। ਮਾਸਟਰ ਨਾਲ ਸਾਂਝਾ-ਗਾਂਢਾ ਕੀਤਾ ਤਾਂ ਮਾੜਾ ਮੋਟਾ ਬੁੱਤਾ ਲੱਗਾ।

ਮਰਦ ਮੰਗੇਤਰਾਂ ਦੇ ਮਸਲੇ 'ਤੇ ਫਿਰ ਲਾਖੇ ਨੂੰ ਮੀਣਾ ਟੱਕਰ ਪਿਆ। ਮੁਜ਼ਾਹਰਾ ਕਦੀ ਲੰਡਨ, ਕਦੀ ਬ੍ਰਮਿੰਘਮ। ਕੋਚਾਂ ਦਾ ਕਿਰਾਇਆ ਹੁੰਦਾ ਦੋ ਢਾਈ ਸੌ ਪੌਂਡ, ਇਕੱਠੇ ਹੋ ਜਾਂਦੇ ਦੋ-ਦੋ, ਚਾਰ-ਚਾਰ ਕਰਕੇ ਪੰਜ ਛੇ ਸੌ। ਪ੍ਰਧਾਨ ਮੁੱਛਾਂ ਵਿਚ ਮੁਸਕਰਾਉਂਦਾ, ਮਾਸਟਰ ਐਨਕਾਂ ਵਿਚ।

ਪ੍ਰਧਾਨ ਦੀ ਨਿੱਕੀ ਜਿਹੀ ਹੱਟੀ ਅੱਛੇ ਖਾਸੇ ਸਟੋਰ ਜਿੰਨਾ ਰਸ਼ ਲੈਣ ਲਗ ਪਈ। ਆਲੂ ਗੋਭੀ ਦੇ ਬਕਸਿਆਂ ਦੇ ਨਾਲ ਇਕ ਫੱਟਾ ਜਿਹਾ ਬੀੜ ਕੇ ਕੁਝ ਰੋਲ ਉਹਨੇ ਕਪੜਿਆਂ ਦੇ ਲਿਆ ਟਿਕਾਏ। ਅੱਠੋ ਪਹਿਰ ਬੀਬੀਆਂ ਦਾ ਝੁਰਮਟ ਬੱਝਾ ਰਹਿੰਦਾ। ਹਰ ਪਾਸੇ 'ਪ੍ਰਧਾਨ ਜੀ-ਪ੍ਰਧਾਨ ਜੀ' ਹੁੰਦੀ ਸੀ।

'ਕਾਲਿਆਂ ਪੀਲਿਆਂ ਦੇ ਇਥੋਂ ਬਿਸਤਰੇ ਲਪੇਟੋ। ਇਹ ਮੁਲਕ ਗੋਰਿਆਂ ਦੇ ਰਹਿਣ ਲਈ ਹੈ।'—ਪਾਵਲ ਨੇ ਜ਼ਹਿਰ ਉਗਲੱਛ ਦਿੱਤੀ। ਨਸਲੀ ਸਬੰਧ ਹੋਰ ਵਿਗੜ ਗਏ। ਗਾਲੀ ਗਲੋਚ ਤਾਂ ਪਹਿਲੋਂ ਹੀ ਚਲਦਾ ਸੀ। ਹੁਣ ਨੌਬਤ ਘਸੁੰਨ-ਮੁੱਕੀ ਤਕ ਪਹੁੰਚ ਗਈ। ਦੇਸੀ ਲੀਡਰ ਭਾਸ਼ਣਾਂ ਵਿਚ ਰੁੱਝ ਗਏ। ਪੁਲਸ ਕਾਨੂੰਨ ਕੱਛੇ ਮਾਰ ਕੇ ਟਹਿਲਦੀ ਰਹੀ।

ਪ੍ਰਧਾਨ ਨੇ ਦਰ-ਪੇਸ਼ ਮਸਲੇ ਦਾ ਹੱਲ ਲੱਭਣ ਲਈ ਫੌਰੀ ਮੀਟਿੰਗ ਬੁਲਾਈ। ਹੱਟੀ ਦੀ ਉਪਰਲੀ ਛੱਤੇ ਫੈਸਲਾ ਹੋਇਆ ਕਿ ਅਗਲੇ ਹਫਤੇ ਜਲਸਾ ਕਰ ਕੇ ਦੇਸੀ ਲੋਕਾਂ ਨੂੰ ਕੌਮੀ ਹਾਲਾਤ ਤੋਂ ਜਾਣੂੰ ਕਰਾਇਆ ਜਾਵੇ ਅਤੇ ਫਸਾਦੀਆਂ ਤੋਂ ਬਚਣ ਲਈ ਸੁਚੇਤ ਕੀਤਾ ਜਾਵੇ।...

ਮਾਸਟਰ ਅਜੇ ਪਾੜ੍ਹਿਆਂ ਦੀਆਂ ਬੁੱਕਾਂ ਮਾਰਕ ਕਰ ਕੇ ਹਟਿਆ ਹੀ ਸੀ, ਕਿ ਟੈਲੀਫੂਨ ਖੜਕ ਪਿਆ। 'ਹੈਲੋ !' ਉਨ੍ਹਾਂ ਢਿੱਲੀ ਜਿਹੀ ਆਵਾਜ਼ 'ਚ ਕਿਹਾ, 'ਮੈਂ ਮਾਸਟਰ ਬੋਲ ਰਿਹਾਂ।'

'ਮਾਸਟਰ ਜੀ ਪਾਸਾ ਪੁੱਠਾ ਪੈ ਗਿਆ। ਸਾਰੀ ਸਕੀਮ ਫੇਲ੍ਹ ਹੋ ਗਈ। ਮੈਂ ਅਜੇ ਮਾਈਕ ਨੂੰ ਹੱਥ ਪਾਇਆ ਹੀ ਸੀ, ਰੌਲਾ ਪੈ ਗਿਆ। ਨਾਅਰੇ ਲੱਗਣ ਲੱਗ ਪਏ : 'ਡੀਫੈਂਸ ਕਮੇਟੀ ਹੁਣੇ ਬਣਾਓ। ਡੱਬੂ ਕੁੱਤੇ ਬਾਹਰ ਭਜਾਓ।' ਦੂਜੇ ਪਾਸਿਉਂ ਉਖੜੀ-ਉਖੜੀ ਆਵਾਜ਼ ਆ ਰਹੀ ਸੀ।

ਹਰ ਦਰ-ਘਰ ਜਾਗਰ ਸਿਉਂ ਦੇ ਕੁੱਟੇ ਜਾਣ ਦੀ ਚਰਚਾ ਸੀ। ਕਲ੍ਹ ਰਾਤੀਂ ਲੇਟ ਸ਼ਿਫਟ ਖ਼ਤਮ ਕਰ ਕੇ ਉਹ ਬਸ ਸਟਾਪ 'ਤੇ ਬਸ ਦੀ ਉਡੀਕ ਕਰ ਰਿਹਾ ਸੀ, ਕੋਲੋਂ ਲੰਘਦੇ ਚਾਰ ਪੰਜ ਭੂਤਰੇ ਹੋਏ ਟੈਡੀ ਬੁਆਏਜ਼ ਉਹਦੇ ਉਤੇ ਅਚਾਨਕ ਟੁੱਟ ਪਏ। ਸਿਰ 'ਚ ਠੁੱਡੇ ਲਗਣ ਨਾਲ ਉਹ ਬੇਹੋਸ਼ ਹੋ ਗਿਆ। ਹਸਪਤਾਲ ਜਾ ਕੇ ਹੋਸ਼ ਆਈ।

ਸ਼ਹਿਰ ਦੀ ਪੰਜਾਬੀ ਵਸੋਂ ਰੋਹ 'ਚ ਆ ਗਈ। ਦੁਪਹਿਰੋਂ ਬਾਦ ਜਲੂਸ ਨਿਕਲਿਆ। ਉਪਰੰਤ ਇਕ ਹਾਲ ਵਿਚ ਜਲਸਾ ਹੋਇਆ। ਪ੍ਰਧਾਨ ਕੁਝ ਕਹਿਣ ਹੀ ਲੱਗਾ ਸੀ ਕਿ ਇਕ ਗਭਰੂ ਨੇ ਉਹਤੋਂ ਮਾਈਕ ਖੋਹ ਲਿਆ। ਵਿਚੋਂ ਕਿਸੇ ਹੋਰ ਨੇ ਲੱਤ ਖਿੱਚ ਦਿਤੀ। ਜਲਸੇ ਦੀ ਕਾਰਵਾਈ ਨਾਅਰਿਆਂ ਦੀ ਭਰਮਾਰ ਵਿਚ ਦਮ ਤੋੜ ਗਈ।

'ਪ੍ਰਧਾਨ ਸਾਅਬ !' ਮਾਸਟਰ ਬੋਲਿਆ, ਅਜੇ ਤਾਂ ਮਾਈਕ ਈ ਖੋਹਿਆ ਐ ਜੇ ਤੁਸਾਂ ਵੇਲਾ ਨਾ ਵਿਚਾਰਿਆ ਉਨ੍ਹਾਂ ਪ੍ਰਧਾਨਗੀ ਵੀ...।'

'ਵੇਲਾ ਤਾਂ ਨਹੀਂ ਕਿਤੇ ਦੌੜਾ ਜਾਂਦਾ ਮਾਸਟਰ ਜੀ, ਧੂੰਆਂਧਾਰ ਸਪੀਚ ਵੀ ਕਰ ਦਿਆਂਗਾ, ਡੀਫੈਂਸ ਕਮੇਟੀ ਵੀ ਬਣਾ ਦਿਆਂਗਾ। ਪਰ...।'

'ਪਰ ਪੁਰ ਕੁਛ ਨਹੀਂ,' ਮਾਸਟਰ ਗਰਮੀ ਖਾ ਗਿਆ, 'ਲੋਕ ਸਾਰੇ ਸਹਿਮੇ ਬੈਠੇ ਐ। ਖੁਸ਼ਕ ਭਾਸ਼ਣਾਂ ਦੀ ਲੋੜ ਨਹੀਂ ਉਨ੍ਹਾਂ ਨੂੰ, ਨਿੱਘੀ ਹਮਦਰਦੀ ਦੀ ਜ਼ਰੂਰਤ ਐ। ਜ਼ਰੂਰਤ ਐ ਝਪਟਾਂ ਝਗੜਿਆਂ ਤੋਂ ਬਚਾਉਣ ਦੀ, ਆਪਸ ਵਿਚ ਏਕੇ ਦਾ ਅਹਿਸਾਸ ਕਰਾਉਣ ਦੀ। ਜੇ ਤੁਸੀਂ ਜਾਗਰ ਸਿਉਂ ਵਾਲੇ ਕੇਸ ਨੂੰ ਹੱਥ ਨਹੀਂ ਪਾਉਣਾ ਤਾਂ ਲਾਂਭੇ ਹੋਵੋ, ਕਿਸੇ ਹੋਰ ਨੂੰ ਅੱਗੇ ਆਉਣ ਦਿਓ।'

ਅਖੀਰਲਾ ਬੋਲ ਪ੍ਰਧਾਨ ਨੂੰ ਥੱਪੜ ਵਾਂਗ ਵੱਜਾ। ਸਲਾਹ ਮਸ਼ਵਰੇ ਦੀ ਪੁੜੀ ਮਾਸਟਰ ਗਾਹੇ-ਵਗਾਹੇ ਝਾੜਦਾ ਰਹਿੰਦਾ ਸੀ ਪਰ ਸੱਟ-ਸੋਟਾ ਉਹਨੇ ਜ਼ਿੰਦਗੀ ਵਿਚ ਪਹਿਲੀ ਵਾਰ ਮਾਰਿਆ ਸੀ। ਸੱਟ ਖਾ ਕੇ ਪ੍ਰਧਾਨ ਸੰਭਲ ਗਿਆ, ਆਖਣ ਲੱਗਾ, 'ਨਹੀਂ ਨਹੀਂ ਮਾਸਟਰ ਜੀ, ਮੈਂ ਕੋਈ ਨਾਬਰ ਆਂ। ਜਿਵੇਂ ਤੁਸੀਂ ਹੁਕਮ ਕਰੋ...।'

ਤੇ ਫਿਰ ਮਾਸਟਰ ਨੇ ਪ੍ਰਧਾਨ ਦੇ ਕੰਨ ਵਿਚ ਫੂਕ ਮਾਰੀ। ਪ੍ਰਧਾਨ ਮੰਨ ਗਿਆ। ਜਾਗਰ ਸਿਉਂ ਦੇ ਕੇਸ ਵਾਸਤੇ ਫੰਡ ਇਕੱਠਾ ਕਰਨ ਲਈ ਚਹੁੰ ਬੰਦਿਆਂ ਦੀ ਕਮੇਟੀ ਬਣਾਈ ਗਈ। ਕਰਤਾ ਧਰਤਾ

ਮਾਸਟਰ ਆਪ ਬਣਿਆ। ਲੋਕਾਂ ਵਿਚ ਅਥਾਹ ਜੋਸ਼ ਸੀ—ਪੌਂਡਾਂ ਦਾ ਮੀਂਹ ਵਰ੍ਹਨ ਲਗ ਪਿਆ।

ਜਿਉਂ ਜਿਉਂ ਖਸ਼ੂਦੀ ਗੋਰਿਆਂ ਦੀ ਚੜ੍ਹ ਮਚਦੀ ਗਈ, ਪੰਜਾਬੀ ਮੁੰਡਿਆਂ ਵਿਚ ਗੁੱਸਾ ਵਧਦਾ ਗਿਆ। ਟੱਕਰ ਲੈਣ ਲਈ ਡੀਫੈਂਸ ਕਮੇਟੀਆਂ ਹੋਂਦ ਵਿਚ ਆਉਣ ਲੱਗੀਆਂ। ਸਾਊਥਾਲ, ਗਰੇਵਜ਼ੈਂਡ ਅਤੇ ਲੈੱਸਟਰ ਦੀਆਂ ਜਬਾੜ੍ਹੇ-ਤੋੜ ਝਪਟਾਂ ਵਿਚ ਹੁੱਲੜਬਾਜ਼ਾਂ ਦੀ ਭੂਤਨੀ ਭੁੱਲ ਗਈ। ਪੁਲਸ ਦੀ ਸਖ਼ਤੀ ਨਾਲ ਮੁਕਾਬਲਿਆਂ ਦਾ ਦੌਰ ਕੁਝ ਮੱਠਾ ਪੈ ਗਿਆ।

ਜਾਗਰ ਸਿਉਂ ਵਾਲਾ ਕੇਸ ਮਜ਼ਦੂਰ ਸਭਾ ਜਿੱਤ ਗਈ। ਤਿੰਨ ਹਮਲਾਆਵਰ ਮੁੰਡੂ ਛੇਆਂ ਛੇਆਂ ਮਹੀਨਿਆਂ ਲਈ ਬੱਝ ਗਏ। ਪ੍ਰਧਾਨ ਨੂੰ ਹਰ ਪਾਸਿਉਂ ਮੁਬਾਰਕਾਂ ਮਿਲ ਰਹੀਆਂ ਸਨ। ਨਵੇਂ ਖਰੀਦੇ ਸਿਨਮੇ ਦੇ ਉਦਘਾਟਨ-ਸਮਾਰੋਹ ਵਿਚ ਉਹਨੇ ਛਾਤੀ ਥਾਪੜਦਿਆਂ ਐਲਾਨ ਕੀਤਾ, 'ਮਜ਼ਦੂਰ ਭਰਾਵੋ! ਦੋਂਹ-ਦੋਂਹ, ਚਹੁੰ-ਚਹੁੰ ਗੋਰਿਆਂ ਨੂੰ ਤਾਂ ਕੀ, ਜੇ ਸਾਡੇ ਵਿਚ ਏਕਤਾ ਹੋਵੇ ਤਾਂ ਅਸੀਂ ਸਾਰੀ ਅੰਗਰੇਜ਼ ਕੌਮ ਨੂੰ ਲੌਂਦੂਆਣਾ ਦਿਖਾ ਸਕਦੇ ਹਾਂ।'

'ਸਾਲਾ ਏਕਤਾ ਦਾ...' ਬੁੜ-ਬੁੜ ਕਰਦਾ ਮਾਸਟਰ ਸਿਨਮੇ ਤੋਂ ਬਾਹਰ ਆ ਗਿਆ। ਬੇਰੁਖੀ ਦੀ ਭਿਣਕ ਪ੍ਰਧਾਨ ਨੂੰ ਵੀ ਪੈ ਗਈ। ਤਤਕਾਲ ਚੈੱਕ ਉਹਨੇ ਮਾਸਟਰ ਦੇ ਘਰ ਪਹੁੰਚਦਾ ਕਰ ਦਿਤਾ।

'ਕੁੱਲ ਦੋ ਸੌ?' ਚੈੱਕ ਦੇਖ ਕੇ ਇਕ ਰੰਗ ਮਾਸਟਰ 'ਤੇ ਆਉਂਦਾ, ਇਕ ਜਾਂਦਾ। ਤਲਖ਼ੀ ਜਿਹੀ ਦੀ ਹਾਲਤ ਵਿਚ ਉਹਨੇ ਟੈਲੀਫ਼ੂਨ ਖੜਕਾ ਦਿਤਾ। ਅੱਗਿਉਂ ਐਂਠ ਵਿਚ ਆ ਕੇ ਪ੍ਰਧਾਨ ਬੋਲਿਆ, 'ਮੈਂ ਡੀਲਕਸ ਸਿਨਮੇ ਦਾ ਮਾਲਕ ਅਰਜਣ ਸਿੰਘ ਬੋਲ ਰਿਹਾਂ, ਅਰਜ਼ ਕਰੋ।'

'ਅਰਜ਼ ਇਹ ਐ,' ਮਾਸਟਰ ਤੱਤੀ ਤਵੀ ਵਾਂਗ ਤਪ ਰਿਹਾ ਸੀ, 'ਪ੍ਰਧਾਨ ਸਾਅਬ ਸਤ ਘਰ ਤਾਂ ਡੈਣ ਵੀ ਛਡ ਲੈਂਦੀ ਐ। ਤੁਸੀਂ ਮੇਰੇ ਹੱਥਾਂ ਵਿਚ ਖੇਡ ਕੇ ਮੇਰੇ ਨਾਲ ਈ ਘਾਲਾ-ਮਾਲਾ...?'

'ਘਾਲਾ-ਮਾਲਾ...ਹੀ...ਹੀ...ਹੀ, ਕਿਹੜਾ ਘਾਲਾ-ਮਾਲਾ ਮਾਸਟਰ?'

'ਕੱਠਾ ਹੋਇਆ ਸੀ ਸਤਾਰਾਂ ਸੌ। ਖਰਚਿਆ ਸਾਰਾ ਪੰਜ ਸੌ। ਮੇਰੇ ਪੱਲੇ ਕੁੱਲ ਦੋ ਸੌ?'

'ਹੋਰ ਹੁਣ ਮੈਂ ਤੇਰੇ ਨਾਂ ਸਿਨਮਾ ਲੁਆ ਦਿਆਂ ਮਾਸਟਰ?'

'...' ਮਾਸਟਰ ਨੂੰ ਝੁਣਝੁਣੀ ਆ ਗਈ। ਅਹੁੜਿਆ ਕੁਝ ਨਾ। ਜੇਬ 'ਚੋਂ ਰੁਮਾਲ ਕੱਢ ਕੇ ਮੱਥੇ 'ਤੇ ਆਈ ਤ੍ਰੇਲੀ ਪੂੰਝਣ ਲਗ ਪਿਆ।

*[Calgary, Alberta]*

○

---

ਸਫ਼ਾ 19 ਤੋਂ ਜਾਰੀ

ਵਰਾਂ ਵਿਚ ਪਿਆ ਮੇਰੀ ਨਜ਼ਰੀਂ ਆਇਆ। ਜਿਸ ਨਾਮ ਤੇ ਕੇਵਲ ਦੋ ਸਤਰਾਂ ਹੀ ਲਿਖੀਆਂ ਹੋਈਆਂ ਸਨ। "ਜੇ ਗਲੀ ਦੀ ਅਕਲ ਟਿਕਾਣੇ ਨਹੀਂ ਆਈ ਤਾਂ ਫਿਰ ਹੋਰ ਉਡੀਕ ਕਰ। ਤੇਰਾ ਸਾਹਿਤਕਾਰ।" ਇਹ ਲਿਖਾਈ ਮੇਰੀਆਂ ਅੱਖਾਂ ਦੀ ਪੁਰਾਣੀ ਵਾਕਿਫ਼ ਸੀ।

○

---


FOR ANY KIND OF

**PHOTOGRAPHY**

**REMEMBER**

OPEN
9:30 a.m.
5:30 p.m.

FRIDAY
9:30 a.m.
7:00 p.m.



PORTRAITS

PASSPORTS

WEDDINGS

**KARTAR PHOTO STUDIO**

47 KINGSWAY
PHONE 872-0622
872-0623

KARTAR FILMS INTERNATIONAL
IMPORTERS OF E. INDIAN MOVIES AND DISTRIBUTOR TO U.S.A. AND CANADA

SPECIALIST IN ALL KINDS OF PHOTOGRAPHY
WE ALSO SELL CAMERAS AND ACCESSORIES

**Ideas**

YOU'LL FIND INTERESTING AND VALUABLE!



Balwant Gill
Representative

- Money-Back Life Insurance
- Income Protection
- Mortgage Protection
- Retirement Funds
- Education of Children
- Conserving a Business Interest

Telephone Office:
521-3781

Residence:
591-3798

Get your life in shape.

SUN LIFE OF CANADA

SUN LIFE OF CANADA
321 SIXTH STREET
NEW WESTMINSTER, B.C.
V3L 3A7

# ਵਲੈਤੀ ਸਾਹਿਤਕਾਰ

— ਪ੍ਰੀਤਮ ਸਿੰਘ

ਐਤਵਾਰ ਦਾ ਦਿਨ ਸੀ ਅਤੇ ਮੈਂ ਇਕ ਦੋ ਘੰਟੇ ਕੱਢ ਕੇ ਪਾਰਕ ਦੀ ਨੁੱਕਰੇ ਪਏ ਇਕ ਲੱਕੜ ਦੇ ਬੈਂਚ ਉਤੇ ਆ ਬੈਠਾ। ਅੱਜ ਸੜਕਾਂ ਨੂੰ ਵੀ ਰਤਾ ਸੁਖ ਦਾ ਸਾਹ ਆ ਗਿਆ ਸੀ। ਨਹੀਂ ਤਾਂ ਫਰਾਟੇ ਮਾਰਦੀਆਂ ਕਾਰਾਂ ਸੜਕਾਂ ਦੀ ਹਿੱਕੀ ਨੂੰ ਦਮ ਲੈਣਾ ਲੈਣ ਦਿੰਦੀਆਂ ਹਨ। ਸੋ ਬੱਸਾਂ ਅਤੇ ਕਾਰਾਂ ਦੀ ਘੱਟ ਆਵਾਜਾਈ ਕਾਰਨ ਚੁਗਿਰਦੇ ਵਿਚ ਸੁਨਸਾਨ ਜਿਹਾ ਪੈਦਾ ਹੋ ਗਿਆ ਸੀ।

ਸੂਰਜ ਦੇਵਤਾ ਵੀ ਵਿਸ਼ੇਸ਼ ਤੌਰ ਤੇ ਪ੍ਰਸੰਨ ਜਾਪਦਾ ਸੀ ਜੋ ਆਪਣੀਆਂ ਸੋਨ ਰੰਗੀਆਂ ਕਿਰਨਾਂ ਨਾਲ ਧਰਤੀ ਦੇ ਸੀਨੇ ਨੂੰ ਗਰਮਾ ਰਿਹਾ ਸੀ। ਬ੍ਰਿਛਾਂ ਦੇ ਸੁੱਕੇ ਪੱਤੇ ਅਤੇ ਘਾਹ ਦੀਆਂ ਸਫੈਦ ਤਿੜਾਂ ਪਿਛਲੇ ਦਿਨਾਂ ਦੀ ਪਈ ਬਰਫ਼ ਦੇ ਖੋਲਿਉਂ ਆਪਣੀਆਂ ਕੂਲੀਆਂ ਹਿੱਕੀਆਂ ਉੱਚੀਆਂ ਕਰਨ ਦਾ ਯਤਨ ਕਰ ਰਹੀਆਂ ਸਨ। ਮੈਂ ਸੋਚ ਰਿਹਾ ਸਾਂ ਕਿ ਕੁਦਰਤ ਵੀ ਕਿੱਡੀ ਮਹਾਨ ਕਲਾਕਾਰ ਹੈ ਜਿਸਦੀ ਚੰਗੇਰ ਸਦਾ ਅਨੇਕਾਂ ਰੰਗਾਂ ਦੇ ਅਤਿ ਸੁੰਦਰ ਫੁਲਾਂ ਤੇ ਬੂਟਿਆਂ ਨਾਲ ਭਰੀ ਰਹਿੰਦੀ ਹੈ। ਮਨੁੱਖੀ ਕਲਾਕਾਰ ਆਪਣੇ ਸੂਖਮ ਬੁਰਸ਼ ਦੀ ਛੂਹ ਨਾਲ ਪ੍ਰਕਿਰਤੀ ਦੀ ਅਦੁੱਤੀ ਦੇਣ ਦੇ ਕੇਵਲ ਕਿਣਕੇ ਨੂੰ ਹੀ ਸਾਕਾਰ ਕਰਨ ਦਾ ਯਤਨ ਕਰਦਾ ਹੈ। ਅਤੇ ਇੰਜ ਕਰ ਕੇ ਆਪਣੀ ਕਲਾ ਉਤੇ, ਕਿਤਨਾ ਗਰਬ ਕਰਦਾ ਹੈ। ਕੁਦਰਤ ਦੇ ਇਨ ਸੁਹਣੇ ਗਹਿਣੇ ਜਿਵੇਂ ਚੰਦ, ਤਾਰੇ, ਸੂਰਜ ਅਤੇ ਫੁਲਾਂ ਬੂਟਿਆਂ ਨੂੰ ਆਪਣੀ ਕਲਾ ਰਾਹੀਂ ਹੋਰ ਉਜਾਗਰ ਕਰਨ ਦਾ ਉਪਰਾਲਾ ਕਰਦਾ ਹੈ ਅਤੇ ਅਭਿਮਾਨੀ ਹੋ ਕੁਦਰਤ ਦਾ ਧੰਨਵਾਦ ਕਰਨਾ ਵੀ ਭੁੱਲ ਜਾਂਦਾ ਹੈ।

ਮੈਂ ਹਾਲੀਂ ਇਹ ਕੁਦਰਤ ਦੇ ਮਹਾਨ ਕਰਤੱਵ ਸਬੰਧੀ ਸੋਚ ਹੀ ਰਿਹਾ ਸਾਂ ਕਿ ਦੂਰੋਂ ਆਉਂਦਾ ਦੀਪਕ ਇਕ ਸਾਹਿਤਕ ਮਿੱਤਰ ਮੇਰੀ ਨਜ਼ਰੀਂ ਪਿਆ। ਮੈਂ ਖੁਸ਼ ਸਾਂ ਕਿ ਚਲੋ ਸਾਥ ਮਿਲਿਆ ਅਤੇ ਕੁਦਰਤ ਦੀ ਗੋਦੀ ਵਿਚ ਬੈਠ ਕੇ ਚਾਰ ਪਲ ਚੰਗੇ ਗੁਜ਼ਾਰਾਂਗੇ। "ਮੈਂ ਤੇਰੇ ਘਰੋਂ ਹੋ ਕੇ ਆਇਆ। ਪਤਾ ਲੱਗਿਆ ਬਈ ਟੈਗੋਰ ਸਾਹਿਬ ਪਾਰਕ ਨੂੰ ਗਏ ਹੋਏ ਹਨ। ਮੈਂ ਸੋਚਿਆ ਬਈ ਚਲੋ ਉਥੇ ਚਲਕੇ ਹੀ ਗੱਲ ਕਰਦੇ ਆਂ।"

ਦੀਪਕ ਨੇ ਤੂਤਰੀ ਜਿਹੀ ਵਜਾਕੇ ਸੱਜੇ ਹੱਥ ਵਿਚ ਫੜੇ ਰਸਾਲੇ ਨੂੰ ਖੱਬੇ ਹੱਥ ਉਤੇ ਮਾਰਦਿਆਂ ਆਖਿਆ।

"ਉਏ ਬੈਠ ਤਾਂ ਜਾ ਕਰਦੇ ਆਂ ਗੱਲ। ਐਤਾ ਕੀ ਪੜ੍ਹ ਖੋਲੇ ਹੱਥ ਆਇਆ ਤੇਰਾ," ਮੈਂ ਬੈਂਚ ਉਤੇ ਬਿਠਾਉਣ ਲਈ ਦੀਪਕ ਦੇ ਕੋਟ ਦੀ ਇਕ ਕੰਨੀ ਹੇਠਾਂ ਨੂੰ ਖਿੱਚਦਿਆਂ ਹਾਸੇ ਵਿਚ ਆਖਿਆ।

"ਬੈਠਣ ਬੂਠਣ ਦੇ ਚੱਕਰ ਨੂੰ ਤੂੰ ਰਹਿਣ ਦੇ ਅਤੇ ਸਿੱਧੀ ਗੱਲ ਕਰ ਬਈ ਤੇਰੀ ਕਹਾਣੀ "ਦੀਵੇ ਥੱਲੇ ਅਨ੍ਹੇਰਾ" ਦਾ ਨਾਇਕ ਕੌਣ ਸੀ। ਉਸਨੇ ਮੇਰੀ ਕਹਾਣੀ ਵਾਲਾ ਪੰਨਾ ਰਸਾਲੇ ਚੋਂ ਕੱਢਕੇ ਮੇਰੀਆਂ ਨਜ਼ਰਾਂ ਵਿਚ ਵਿੰਦਿਆਂ ਆਖਿਆ। ਦੀਪਕ ਤਾਂ ਸੱਚ ਮੁੱਚ ਹੀ ਅੱਖਾਂ ਲਾਲ ਅਤੇ ਤਿਉੜੀ ਚੜ੍ਹਾਈ ਖੜ੍ਹਾ ਸੀ।

"ਹਾਂ ਫਿਰ ਦਸ ਬਈ ਨਾਇਕ ਕੌਣ ਸੀ?" ਦੀਪਕ ਨੇ ਰਸਾਲੇ ਦੀ ਫਿਰ ਤੂਤਰੀ ਜਿਹੀ ਵਜਾਉਂਦਿਆਂ ਆਖਿਆ।

"ਪ੍ਰਿਥੀ" ਮੈਂ ਮੂਲੋਂ ਹੌਲੀ ਦੇ ਕੇ ਉੱਤਰ ਦਿੱਤਾ।

"ਪ੍ਰਿਥੀ ਤਾਂ ਮੈਂ ਵੀ ਪੜ੍ਹ ਸਕਦਾਂ।" ਦੀਪਕ ਨੇ ਮੋੜਵਾਂ ਸਵਾਲ ਜਿਹਾ ਕੀਤਾ। "ਹੋਰ ਤੈਨੂੰ ਪ੍ਰੀਤਮ ਸਿੰਘ ਚਾਹੀਦਾ ਸੀ।" ਹਾਲੀਂ ਮੈਂ ਠੱਠੇ ਜਿਹੇ ਦੇ ਰੌਅ ਵਿਚ ਆਖਿਆ।

"ਤੂੰ ਆ ਲੋਲੇ ਪੋਪੇ ਜਿਹੇ ਰਹਿਣ ਦੇ ਤੇ ਬੱਚਿਆਂ ਵਾਂਗੂੰ ਮਿੱਠਾ ਹੋ ਕੇ ਦੱਸ ਬਈ ਏਹ "ਪ੍ਰਿਥੀ" ਕੌਣ ਸੀ?" ਦੀਪਕ ਨੇ ਰਸਾਲੇ ਦੀ ਤੂਤਰੀ ਜਿਹੀ ਨੂੰ ਹਵਾ ਵਿਚ ਤਲਵਾਰ ਵਾਂਗ ਉਪਰੋਂ ਹੇਠਾਂ ਨੂੰ ਮਾਰਦਿਆਂ ਆਖਿਆ। "ਖੌਰੇ ਕੋਈ ਵੀ ਹੋਊ ਪਰ ਮਿੱਤਰਾ ਤੂੰ ਨੀ। ਵੇਖਾਂ ਤੇਰਾ ਨਾਲੇ ਮੂੰਹ ਨਾਇਕ ਬਣਨ ਵਾਲਾ ਹੋਣੈ? ਹਨੂੰਮਾਨ ਜਿਹਾ ਨਾ ਹੋਵੇ ਤਾਂ।" ਮੈਂ ਦੀਪਕ ਨੂੰ ਠੰਡਾ ਕਰਨ ਲਈ ਹਾਸੇ ਜਿਹੇ ਵਿਚ ਆਖਿਆ।

"ਮੈਂ ਕਿਵੇਂ ਨੀ? ਇਹ ਸਾਰੀਆਂ ਨਿਸ਼ਾਨੀਆਂ ਮੇਰੇ ਤੇ ਢੁੱਕਦੀਆਂ ਨੇ। ਮੈਂ ਪੋਸਟਮੈਨ ਪ੍ਰਿਥੀ ਪੋਸਟਮੈਨ। ਮੈਂ ਸਾਹਿਤਕਾਰ ਪ੍ਰਿਥੀ ਸਾਹਿਤਕਾਰ। ਠੀਕ? ਮੈਂ ਨਜ਼ਰਘਾਤੀ ਪ੍ਰਿਥੀ ਨਜ਼ਰਘਾਤੀ।. . . ."

"ਉਂਵੇਂ ਤਕੜੇ ਸਾਹਿਤਕਾਰ ਸਾਰੇ ਹੀ ਜਜ਼ਬਾਤੀ ਹੁੰਦੇ ਨੇ।" ਮੈਂ ਦੀਪਕ ਦੀ ਗੱਲ ਵਿਚੋਂ ਹੀ ਕੱਟਦਿਆਂ ਆਖਿਆ।

"ਪ੍ਰਿਥੀ ਤਾਂ ਪੱਕੇ ਸਿੱਖ ਹੋਣ ਦੀਆਂ ਗੱਪਾਂ ਮਾਰਨੋਂ ਨੀ ਹਟਦਾ ਪਰ ਮੂੰਹ ਤੇ ਨਹੂੰ ਭਰ ਮੁੱਛ ਵੀ ਨਹੀਂ ਦਿੱਸਣ ਦਿੰਦਾ। ਸਮਾਜਵਾਦ ਦਾ ਸਭ ਤੋਂ ਵੱਡਾ ਹਾਮੀ ਪਰ ਕਮਿਊਨਿਸਟਾਂ ਨੂੰ ਮਿੱਠੀਆਂ ਗਾਲਾਂ ਕਢਦੈ। ਜੇ ਕਾਂਗਰਸ ਜਲਸੇ ਵਿਚ ਬੋਲਣ ਦੇ ਦੇਣ ਤਾਂ ਫਿਰ ਨਹਿਰੂ ਗਾਂਧੀ ਦੀ ਤਾਰੀਫ਼ ਵਿਚ ਜੀਭ ਅੰਦਰ ਜਾਂਦੀ ਹੀ ਨਹੀਂ। ਜੇ ਕਵਿਤਾ ਪੜ੍ਹਨ ਲਈ ਜਨਸੰਘੀ ਸਟੇਜ ਉਤੇ ਬੁਲਾ ਲੈਣ ਤਾਂ ਫਿਰ ਮਿੰਨਤਾਂ ਕਰਕੇ ਹੇਠਾਂ ਲਾਹੁਣੈ ਪੈਂਦੇ। ਇਸ਼ਤਿਹਾਰਾਂ ਵਿਚੋਂ ਚੋਟੀ ਦਾ ਇਸ਼ਤਿਹਾਰ। ਸ਼ਾਇਰਾਂ ਵਿਚੋਂ ਟੀਸੀ ਦਾ ਸ਼ਾਇਰ। ਤੋਤਿਆਂ ਵਿਚੋਂ ਸਿਰੇ ਦਾ ਤੋਤਾ। ਉਹ ਹੀ ਬਸ ਬਣੀ ਦੀਪਕ ਕੀ ਤੂੰ ਆਪਣੇ ਆਪ ਨੂੰ ਪ੍ਰਿਥੀ ਸਮਝਦਾ"। ਮੈਂ ਲੋਹਾ ਗਰਮ ਦੇਖਕੇ ਦਲੀਲਾਂ ਦੇ ਬਦਲਾਂ ਦਾ ਮੀਂਹ ਵਰ-ਸਾਉਂਦਿਆਂ ਇਕੋ ਸਾਹ ਦੀਪਕ ਨੂੰ ਆਪਣੀ ਕਹਾਣੀ ਦੇ ਨਾਇਕ ਪ੍ਰਿਥੀ ਦੇ ਗੁਣ ਤੇ ਔਗੁਣ ਦਸ ਗਿਆ। ਉਹ ਦੀਪਕ ਰਤਾ ਕੁ ਢਿੱਲਾ ਜਿਹਾ ਪੈਕੇ ਕਹਿਣ ਲੱਗਿਆ, 'ਮੈਨੂੰ ਤੇਰੇ ਤੇ ਯਕੀਨ ਜਿਹਾ ਨੀ ਆਉਂਦਾ। ਮੈਂ ਹਾਲੀ ਵੀ ਸੋਚਦਾ ਕਿ ਉਹ ਪ੍ਰਿਥੀ ਮੈਂ ਹੀ ਹਾਂ। ਸਾਹਿਤ ਸਭਾ ਦੇ ਸਾਰੇ ਮੈਂਬਰ ਮੀਂਹ ਪੈਂਦੇ ਵਿਚ ਮੇਰੇ ਘਰ ਯਭਲੀਆਂ ਨਹੀਂ ਸੀ ਮਾਰਨ ਆਏ। ਉਹ ਸਾਰੇ ਕਿਵੇਂ ਝੂਠ ਬੋਲ ਸਕਦੇ ਨੇ?" ਦੀਪਕ ਨੇ ਸ਼ੱਕ-ਮਈ ਲਹਿਜੇ ਵਿਚ ਆਖਿਆ।

"ਸਭਾ ਦਾ ਪ੍ਰਧਾਨ ਤੇਰਾ ਜਿਉਂ 'ਫੱਟੇ-ਚੱਕ' ਤਾਂ ਵੱਡੇ ਮਹਾਰਾਜ ਦੀਆਂ ਸੌਂਹਾਂ ਵੀ ਖਾ ਗਿਆ ਕਿ ਦੀਪਕ, "ਪ੍ਰਿਥੀ" ਅਸਲ ਵਿਚ ਤੂੰ ਹੀ ਐਂ। ਮੈਂ ਕਿਵੇਂ ਨਾ ਮੰਨਾਂ?" ਦੀਪਕ ਨੇ ਆਪਣੀ ਦਲੀਲ ਸਾਫ਼ ਪ੍ਰਗਟਾਉਂਦਿਆਂ ਆਖਿਆ। "ਅਸਲ ਵਿਚ ਪ੍ਰਿਥੀ ਜਦੋਂ ਸਾਡੇ ਵਿਚੋਂ ਸਵੈਵਿਸ਼ਵਾਸ ਦੀ ਘਾਟ ਹੁੰਦੀ ਹੈ ਤਾਂ ਅਸੀਂ ਸਾਰੇ ਨਾਇਕਾਂ ਵਿਚ ਅੰਦਰਖਾਤੇ ਆਪਣਾ ਮੁਕਾਬਲਾ ਦੇਖਦੇ ਹਾਂ। ਪਰ ਜਦੋਂ ਇਹ ਘਾਟ ਨਾ ਹੋਵੇ ਤਾਂ ਫਿਰ ਅਸੀਂ ਕਈ ਵਾਰ ਮਹਾਨ ਨਾਇਕ ਵਿਚ ਆਪਣੀ ਰੂਹ ਦਾ ਅਹਿਸਾਸ ਕਰਦੇ ਹਾਂ।" ਮੈਂ ਆਪਣੇ ਵਲੋਂ ਬੜਾ ਸਿਆਣਾ ਬਣਦਿਆਂ ਦੀਪਕ ਨੂੰ ਸਮਝਾਇਆ।

"ਛੱਡ ਯਾਰ ਐਡੇ ਪਿਆਰੇ ਦਿਨ ਨੂੰ ਯਭਲੀਆਂ ਮਾਰ ਕੇ ਕਤਲ ਨਾ ਕਰ। ਹੋਰ ਸੁਣਾ ਫਿਰ ਅੱਜਕਲ ਲਿਖਿਆ ਕੁਝ?" ਮੈਂ ਦੀਪਕ ਨੂੰ ਬਾਹੋਂ ਫੜਕੇ ਬੈਂਚ ਉਤੇ ਬਿਠਾਉਣ ਦਾ ਯਤਨ ਕਰਦਿਆਂ ਆਖਿਆ।

"ਤੂੰ ਉਸ ਦਿਨ ਕਈ ਦਰਬਾਰ ਮਗਰੋਂ ਪੱਬ ਵਿਚ ਦੇਸੀ ਨੂੰ ਆਖਿਆ ਸੀ ਬਈ ਮੇਰੀ ਕਵਿਤਾ ਹਾਲੀ ਬੜੀ ਕੱਚੀ ਐ। 'ਦੇਸੀ' ਨੇ ਉਸੇ ਰਾਤ ਮੈਨੂੰ ਘਰੇ ਸੁੱਤੇ ਪਏ ਨੂੰ ਜਗਾਕੇ ਇਹ ਗੱਲ ਦੱਸੀ ਸੀ।" ਦੀਪਕ ਨੇ ਮੈਥੋਂ ਝਟਕੇ ਨਾਲ ਬਾਂਹ ਛੁਡਾਉਂਦਿਆਂ ਫਿਰ ਰੋਹ ਰੋਸ ਕੀਤਾ। ਦੀਪਕ ਦਾ ਸਾਰਾ ਆਪਾ ਫੋੜੇ ਵਾਂਗ ਭਰਿਆ ਪਿਆ ਸੀ। ਰਤਾ ਕੁ ਛੋਹ ਲੱਗਣ ਨਾਲ ਉਹ ਫਿੱਸ ਸਕਦਾ ਸੀ। ਗੁੱਸੇ ਵਿਚ ਉਹ ਗੀਲੇ ਦੇ ਅਗ ਵਾਂਗ ਫਿੱਲ ਗਿਆ ਸੀ।

"ਹਾਂ ਮੈਂ ਆਖਿਆ ਸੀ ਬਈ ਹਾਲੀ ਤੇਰੀ ਕਵਿਤਾ ਸਿਖਾਂਦਰੂ ਕਵੀਆਂ ਦੇ ਪੱਧਰ ਦੀ ਹੈ। ਮੈਨੂੰ ਪਤਾ ਤੂੰ ਬੜਾ ਖੁਸ਼ ਹੋਣਾ ਸੀ ਜੇ ਮੈਂ ਕਹਿ ਦਿੰਦਾ ਬਈ ਤੂੰ ਦੂਜਾ ਫ਼ੈਜ਼ ਜਾਂ ਪਾਬਲੋ ਨਰੂਦਾ ਹੈਂ। ਇਹੋ ਤਾਂ ਬਿਮਾਰੀ ਐ ਜਿਸਦੇ ਆਪਾਂ ਸਾਰੇ ਹੀ ਸ਼ਿਕਾਰ ਹਾਂ। ਥੋੜ੍ਹੀ ਜਿਹੀ ਜਾਇਜ਼ ਨੁਕਤਾਚੀਨੀ ਵੀ ਸਾਨੂੰ ਦੱਦੂ ਦੇ ਦੁਗਾੜੇ ਵਾਂਗ ਲਗਦੀ ਹੈ। ਪਰ ਤੇਰੇ ਵਰਗੇ ਹੰਢੇ ਹੋਏ ਆਦਮੀ ਨੂੰ ਐਨੀ ਕੁ ਨੁਕਤਾਚੀਨੀ ਨਾਲ ਪਾਰਕ ਵਿਚ ਸਿਰ ਦੇ ਵਾਲ ਨਹੀਂ ਪੁੱਟਣੇ ਚਾਹੀਦੇ।" ਮੈਂ ਦੀਪਕ ਨੂੰ ਚੁੱਪ ਦੇਖਕੇ ਆਪਣਾ ਵੇਗ ਜਾਰੀ ਰਖਦਿਆਂ ਆਖਿਆ, "ਦੀਪਕ ਕੋਈ ਕਿਰਤ ਜਨਮ ਲੈਣ ਤੋਂ ਪਹਿਲਾਂ ਕਾਫ਼ੀ ਸਮਾਂ ਸਾਹਿਤਕਾਰ ਦੇ ਜ਼ਿਹਨ ਵਿਚ ਪਲਦੀ ਪੁੰਗਰਦੀ ਰਹਿੰਦੀ ਹੈ। ਇਹ ਐਨ ਉਸੇ ਤਰ੍ਹਾਂ ਹੈ ਜਿਵੇਂ ਮਾਂ ਦੇ ਗਰਭ ਵਿਚ ਬੱਚੇ ਦੀ ਪ੍ਰਵਰਿਸ਼। ਉਹ ਨਿਸ਼ਚਿਤ ਸਮੇਂ ਮਾਂ ਦੇ ਪੇਟ ਚੋਂ ਸੰਸਾਰ 'ਚ ਆਉਂਦਾ ਹੈ। ਸਮੇਂ ਤੋਂ ਪਹਿਲਾਂ ਜਨਮਿਆਂ ਬੱਚਾ ਆਮ ਤੌਰ ਉਤੇ ਜਿਸਮਾਨੀ ਅਤੇ ਦਿਮਾਗੀ ਤੌਰ ਤੇ ਕਈ ਊਣਤਾਈਆਂ ਦਾ ਧਾਰਨੀ ਹੁੰਦਾ ਹੈ। ਇਸੇ ਤਰ੍ਹਾਂ ਸਾਹਿਤਕਾਰ ਵੀ ਆਪਣੇ ਕਲਪਨਾ ਰੂਪੀ ਗਰਭ ਵਿਚ ਕਿਰਤ ਰੂਪੀ ਬੱਚੇ ਨੂੰ ਪਾਲਦਾ ਹੈ ਅਤੇ ਨਿਸ਼ਚਿਤ ਸਮੇਂ ਤੇ ਜਨਮ ਦਿੰਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਕਈ ਵਾਰ ਤੇਰੇ ਮੇਰੇ ਵਰਗੇ ਸਾਹਿਤਕਾਰ ਫਿਰ ਮਰੋੜਿਆਂ ਦੀਆਂ ਪੀੜਾਂ ਨੂੰ ਹੀ ਜਣੇਪੇ ਦੀਆਂ ਪੀੜਾਂ ਸਮਝਕੇ ਵਿਲਕਣ ਲੱਗ ਪੈਂਦੇ ਹਾਂ। ਫਿਰ ਜੋ ਕੁੱਝ ਉਸ ਚੋਂ ਜਨਮੇਗਾ ਉਹ ਤੇਰੇ ਵਰਗੀ ਹੰਢੀ ਹੋਈ ਦਾਈ ਤੋਂ ਭੁੱਲਿਆ ਹੋਇਆ ਨਹੀਂ।

"ਮੈਂ ਫੇਰ ਜਾਕੇ ਉਨ੍ਹਾਂ ਨਾਲ ਗੱਲ ਕਰਾਂ। ਸੀਨ ਪੰਦਾਂ ਵਿਚ ਸਭਾ ਦਾ ਪ੍ਰਧਾਨ 'ਫ਼ਰੈਂਕ' ਅਤੇ ਸਕੱਤਰ 'ਪਰਤੀਪਟ' ਮੈਨੂੰ ਆਪ 'ਪ੍ਰਿਸੀ' ਵਾਲੀ ਗੱਲ ਦੱਸਣ ਆਏ ਸੀ ਨਹੀਂ ਤਾਂ ਤੈਨੂੰ ਪਤਾ ਹੀ ਹੈ ਕਿ ਮੇਰੇ ਕੋਲ ਤਾਂ ਉਦਰਾਇਵ ਚੋਂ ਨਵੇਂ ਸਾਲ ਦੀ ਜੰਤਰੀ ਪੜ੍ਹਨ ਜੋਗਾ ਵੀ ਹਾਇਸ ਨਹੀਂ। ਰੱਬ ਕਮਾਲ ਦਿਹਾੜ ਬੈਠਕ ਤੋਂ ਪੜ੍ਹ ਹੁੰਦੇ ਹਨ। ਪੋਰ ਗੱਲ ਦੀ ਕਦੋਂ ਗੁੱਝੀ ਰਹਿੰਦੀ ਐ?" ਕਹਿ ਕੇ ਦੀਪਕ ਨੇ ਕਮਾਲ ਦੀ ਸਰੂ ਤੇਜ਼ਗੀ ਵਿਹਲੀ ਬਣਾਈ ਅਤੇ ਮੇਰੇ ਨਾਲ ਪਿਆਂ ਅੱਖ ਮਿਲਾਏ ਘਰ ਨੂੰ ਹੋ ਤੁਰਿਆ।

ਇਸ ਘਟਨਾ ਮਗਰੋਂ ਦੀਪਕ ਸਾਡੇ ਲੈਕਚਰ ਤਾਰਖਾਨੇ ਵਿਚ ਸਾਇਦ ਉਦਰਾਇਵ ਜਿਆਦਾ ਨਾਉਣ ਲੱਗ ਪਿਆ ਸੀ ਕਿ ਸਾਡੇ ਘਰ ਜਿਹਾਏ ਬਿਜਲੀ, ਗੈਸ ਅਤੇ ਟੈਲੀਫ਼ੂਨ ਦੇ ਬਿੱਲਾਂ ਦੇ ਹੋਰ ਸਭ ਖ਼ਤ ਪੱਤਰ ਆਉਣੇ ਬੰਦ ਹੋ ਗਏ। ਮੇਰੀ ਇਸ ਸਬੰਧੀ ਚਿੰਤਾ ਉਸ ਸਮੇਂ ਹੋਰ ਵੀ ਵਧ ਗਈ ਜਦੋਂ ਦੇਸੋਂ ਮੇਰੀ ਮਾਂ ਦੇ ਸੁਰਗਵਾਸ ਹੋਣ ਦੀ ਖ਼ਬਰ ਵੀ ਮੇਰੇ ਪੇਂਡੂ ਮੀਤੇ ਨੇ ਸਾਨੂੰ ਆਕੇ ਦਿੱਤੀ। ਬੱਸ ਇਸ ਪਿਛੋਂ ਤਾਂ ਸਾਡੇ ਦਰਾਂ ਅੱਗੋਂ ਉਨਦੀ ਹੀ ਨਹੀਂ ਸੀ। ਇਕ ਰਾਤ ਕੋਈ ਨਾ ਕੋਈ ਮੁਸੀਬਤ ਸਾਡੇ ਸਿਰ ਪਈ ਹੀ ਰਹਿੰਦੀ। ਸਵੇਰੇ ਵੇਖੋ ਤਾਂ ਨਾਰ ਦੇ ਮੁਹਰਲੇ ਦੋਵੇਂ ਟਾਇਰ ਪੰਕਚਰ। ਕਦੀ ਅੱਧੀ ਰਾਤ ਟੈਲੀਫ਼ੂਨ ਦੀ ਘੰਟੀ ਖੜਕੀ, ਅੱਧਾਂ ਸਤਿਆਂ ਕਮੀਣ ਛੁੱਕਿਆਂ ਅੱਗੋਂ ਖੜਕ ਖੜਕ ਜਿਹਾ ਕੁੱਝ ਵੀ ਨਾ। ਅਸ ਟੈਕਸ ਵਾਲਿਆਂ ਬੱਚਿਆਂ ਦੇ ਨਰਮ ਸਰਦੀ-ਫਿਰੋਣ ਮੰਗ ਲਏ ਸਨ। ਸਿਹਤ ਮਹਿਕਮੇ ਵਾਲਿਆਂ 'ਤੁਹਾਡੇ ਘਰ ਕਿੰਨੇ ਜੀ ਰਹਿੰਦੇ ਹਨ?' ਦੀ ਪੜਤਾਲ ਕਰ ਗਏ ਸਨ। ਟੈਲੀਵਿਜ਼ਨ ਦੇ ਲਾਈਸੰਸ ਦੀ ਪੁੱਛ ਪੜਤਾਲ ਕਰਨ ਵਾਲਾ ਇੰਨਸਪੈਕਟਰ ਵਖੋ ਹੀ ਸਾਡੇ ਘਰੋਂ ਹੋ ਕੇ ਗਿਆ ਸੀ।

ਫਿਰ ਇਕ ਸਵੇਰੇ ਦੋ ਵਜੇ ਦੇ ਕਰੀਬ ਸਾਡੇ ਦਰਵਾਜ਼ੇ ਦੀ ਘੰਟੀ ਖੜਕੀ, ਮੈਂ ਸਭਉਨੀਂਦਰੇ ਨੇ ਜਦੋਂ ਬੂਹਾ ਖੋਲ੍ਹਿਆ ਤਾਂ ਐਂਬੂਲੈਂਸ ਵਾਲੇ ਪੁੱਛ ਰਹੇ ਸੀ; "ਫ਼ਿਲਿਫ਼ਰੀ ਕੋਸ ਸਭ"? ਮੈਂ ਹੱਕਾ ਬੱਕਾ ਹੋਇਆ ਉਨ੍ਹਾਂ ਨੂੰ ਹੋਈ ਬੇਲੋੜੀ ਤਕਲੀਫ਼ ਦੀ ਸੁਆਫ਼ੀ ਮੰਗ ਰਿਹਾ ਸਾਂ। ਉਸੇ ਸ਼ਾਮੀਂ ਦੋ ਪੁਲਸੀਮੈਨ ਮੇਰਾ ਪਾਸਪੋਰਟ ਚੈਕ ਕਰਨ ਆਏ ਸਨ।

ਦੂਜੇ ਹਫ਼ਤੇ ਦੇ ਪਹਿਲੇ ਸੋਮਵਾਰ ਜਦੋਂ ਮੈਂ ਆਪਣੇ ਦਫ਼ਤਰ ਜਾਕੇ ਜਾ ਕੇ ਕੁਰਸੀ ਉਤੇ ਬੈਠਾ ਹੀ ਸਾਂ ਕਿ ਸਾਡੇ ਮਹਿਕਮੇ ਦੇ ਇੰਚਾਰਜ ਮਿਸਟਰ ਪਾਰਸਨਜ਼ ਦਾ ਸੁਨੇਹਾ ਆਇਆ ਕਿ ਮੈਂ ਫ਼ੁੱਟਾਫ਼ੱਟ ਉਸ ਨੂੰ ਉਸਦੇ ਦਫ਼ਤਰ ਵਿਚ ਮਿਲਾਂ। ਮੈਂ ਬੱਕੋ ਦੇ ਮੂਲੀ ਪੱਟਣ ਵਾਂਗੂ ਸਾਰਾ ਜ਼ੋਰ ਲਾਕੇ ਆਪਣੇ ਸਰੀਰ ਨੂੰ ਕੁਰਸੀ ਚੋਂ ਖਿਚਿਆ। ਲੱਤਾਂ ਜਿਵੇਂ ਸਣ ਸਣ ਦੀਆਂ ਹੋ ਗਈਆਂ ਸਨ। ਮਿਸਟਰ ਪਾਰਸਨਜ਼ ਉਨ੍ਹ ਦੀ ਦੇਸੀ ਬੀਵਿਆਂ ਨੂੰ ਵੇਖ ਕੇ ਮੱਥੇ ਤਿਉੜੀਆਂ ਪਾ ਲੈਂਦਾ ਸੀ। ਪਰਦੇਸ ਵਿਚ ਅਜਿਹੇ ਸਮੇਂ ਮਾਨਸਿਕ ਅਵਸਥਾ ਬਹੁਤ ਮਾੜੀ ਹੋ ਜਾਂਦੀ ਹੈ। ਜੀ ਅੰਦਰੇ ਤਰ ਤਰ ਆਉਂਦਾ ਹੈ। ਅਤੇ ਦਾਹ ਕੋਈ ਜਾਂਦੀ ਨਹੀਂ।

ਮੇਰੇ ਦਫ਼ਤਰ ਵਿਚ ਵੜਦਿਆਂ ਹੀ ਮਿਸਟਰ ਪਾਰਸਨਜ਼ ਨੇ ਮੇਰੀ ਨੌਕਰੀ ਸਮੇਂ ਦਾ ਭਰਿਆ ਫ਼ਾਰਮ ਅਤੇ ਸਹੁੰ ਚੁੱਕਣ ਵਾਲਾ ਇਕਰਾਰਨਾਮਾ ਮੇਰੇ ਅੱਗੇ ਵਗਾਹ ਮਾਰਿਆ। ਇਸ ਸਰਕਾਰੀ ਨੌਕਰੀ ਵਿਚ ਕਮਿਊਨਿਸਟ ਪਾਰਟੀ ਦੇ ਮੈਂਬਰ ਭਰਤੀ ਨਹੀਂ ਸਨ ਹੋ ਸਕਦੇ ਅਤੇ ਹਰ ਇਕ ਨੂੰ ਇਸ ਸਬੰਧ ਵਿਚ ਇਕ ਡਿਕ-ਲੈਰੇਸ਼ਨ ਤੇ ਦਸਖ਼ਤ ਕਰਨੇ ਪੈਂਦੇ ਹਨ। ਫਿਰ ਇਕ ਪਲ ਮੇਰੇ ਵਲ ਗਹਿਰੀਆਂ ਨਜ਼ਰਾਂ ਨਾਲ ਵੇਖਣ ਮਗਰੋਂ ਉਸਨੇ ਆਪਣੀ ਮੇਜ਼ ਦੀ ਦਰਾਜ਼ ਵਿਚੋਂ ਬਿਨਾਂ ਨਾਮ ਦੇ ਇਕ ਖ਼ਤ ਕੱਢ ਕੇ ਮੇਰੇ ਅੱਗੇ ਕਰ ਦਿੱਤਾ। ਮੈਂ ਬਿਨਾਂ ਬੋਲਿਆਂ ਉਸ ਖ਼ਤ ਨੂੰ ਪੜ੍ਹ ਰਿਹਾ ਸਾਂ, ਜਿਸ ਦਾ ਮਜ਼ਮੂਨ ਇੰਜ ਸੀ।

" ਇਹ ਹਿੰਦੁਸਤਾਨ ਵਿਚ ਕਮਿਊਨਿਸਟ ਪਾਰਟੀ ਦਾ ਸਰਗਰਮ ਮੈਂਬਰ ਸੀ ਅਤੇ ਰੇਲਾਂ ਗੱਡੀਆਂ ਉਲਟਾਉਣ ਦੇ ਜੁਰਮ ਵਿਚ ਦੋ ਵਾਰ ਜੇਲ੍ਹ ਵੀ ਜਾ ਆਇਆ ਹੈ। ਇਹਦੇ ਜਿੱਥੇ ਸਬੰਧ ਚੀਨ ਦੀ ਪਾਰਟੀ ਨਾਲ ਸਨ। ਹੁਣ ਇਹ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਹੈ। ਬੜਾ ਹੀ ਖ਼ਤਰਨਾਕ ਆਦਮੀ ਹੈ।"

ਮਿਸਟਰ ਪਾਰਸਨਜ਼ ਨੇ ਮੇਰੀ ਬਦਹਵਾਸੀ ਦਾ ਹੁਕਮ ਕੱਢ ਕੇ ਮੇਰੇ ਵੱਲ ਤਕਾਉਂਦਿਆ ਆਖਿਆ, " ਗੱਲ ਬਾਣੀ ਅੰਤ ਗੱਲ ਠੀਕ ਮਿਸਟਰ ਸਿੱਧੂ?" ਮੈਂ ਜਿਉਂਹੀ ਜਿਹਾ ਘਰ ਪਰਤਿਆ ਤਾਂ ਅੰਦਰ ਵੜਦਿਆਂ ਹੀ ਬਿਨ ਵਿਹੋਂ ਫ਼ਟਾਫ਼

— ਬਾਕੀ ਸਫ਼ਾ 16 ਉਤੇ

"ਵਤਨੋਂ ਦੂਰ" ਲਗਾਤਾਰ ਮਿਲ ਰਿਹਾ ਹੈ। ਭਾਰਤ ਤੋਂ ਬਹੁਤ ਦੂਰ ਕੈਨੇਡਾ ਵਿਚ ਏਨੀ ਤੁਹਾਡੀ ਸਾਹਿਤਕ-ਟੋਲੀ ਕੈਨੇਡਾ-ਵਾਸੀ ਤੇ ਭਾਰਤੀਆਂ ਦੀ ਮਾਨਸਿਕਤਾ ਨੂੰ ਬਲ ਦੇਣ ਵਿਚ ਇਕ ਵੱਡਾ ਹਿੱਸਾ ਪਾ ਰਹੀ ਹੈ।

ਰਾਮ ਸਰੂਪ ਅਣਖੀ
ਬਰਨਾਲਾ / ਪੰਜਾਬ

ਬਦੇਸ਼ਾਂ ਵਿਚ ਸੁਚੇਤ ਪਾਠਕ ਦੀ ਸਮੱਸਿਆ ਦਰਪੇਸ਼ ਹੋਣ ਤੇ ਵੀ ਤੁਸੀਂ ਇਸ ਪੱਧਰ ਦਾ "ਵਤਨੋਂ ਦੂਰ" ਕੱਢ ਰਹੇ ਹੋ - ਕਰਾਮਾਤ ਤੋਂ ਘੱਟ ਨਹੀਂ - ਤੁਹਾਡੇ ਸਿਦਕ ਸਿਰੜ ਅਤੇ ਸਾਹਿਤ ਪ੍ਰਤੀ ਈਮਾਨਦਾਰੀ ਨੂੰ ਸਲਾਮ! ਏਧਰ ਅਤੇ (ਇੰਗਲੈਂਡ ਵਿਚ) ਤਥਾ-ਕਥਿਤ ਲੇਖਕਾਂ ਦੀਆਂ ਟੋਲੀਆਂ ਫਿਰਦੀਆਂ ਹਨ ਪਰ ਪਰਚਿਆਂ ਦਾ ਪੱਧਰ "ਸਸਤਾ-ਸਾਹਿਤ" ਤੋਂ ਉਪਰ ਨਹੀਂ ਉਠਿਆ - ਇਸ ਪੱਖੋਂ ਤੁਸੀਂ ਸਾਥੋਂ ਬਾਜ਼ੀ ਲੈ ਗਏ ਹੋ! "ਵਤਨੋਂ ਦੂਰ" ਨੂੰ ਆਧੁਨਿਕ-ਭਾਰਤੀ-ਪੰਜਾਬੀ ਸਾਹਿਤ ਦਾ ਹਾਣੀ ਬਣਾਉਣ ਲਈ ਆਧੁਨਿਕ-ਭਾਰਤੀ-ਪੰਜਾਬੀ ਲੇਖਕਾਂ ਨਾਲ ਹੋਰ ਸੰਪਰਕ ਪੈਦਾ ਕਰੋ। ਸਾਡੀਆਂ ਸ਼ੁਭ ਇਛਾਵਾਂ ਤੁਹਾਡੇ ਅੰਗ-ਸੰਗ ਹਨ।

ਜਸਬੀਰ ਬਾਠ
ਲਿਵਰਪੂਲ / ਇੰਗਲੈਂਡ

ਹੁਣੇ ਹੁਣੇ ਹਿੰਦੁਸਤਾਨ ਤੋਂ ਮੁੜੇ ਇਕ ਸੱਜਣ ਅਨੁਸਾਰ "ਵਤਨੋਂ ਦੂਰ" ਦਾ ਹਿੰਦੁਸਤਾਨ ਵਿਚ ਕਾਫੀ ਚਰਚਾ ਹੈ। ਪਰ ਲੋਕ ਮੰਗਦੇ ਹਨ ਪਰਚੇ ਨੂੰ ਜ਼ਰਾ ਹੋਰ ਨਿੱਗਰ ਬਣਾਓ - ਬਹੁਤਾ ਹਲਕਾ ਮੈਟਰ ਛਾਪਣ ਤੋਂ ਗੁਰੇਜ਼ ਕਰਿਆ ਕਰੋ। ਪਾਕਿਸਤਾਨੀ ਲੇਖਕਾਂ ਨੂੰ ਜ਼ਰਾ ਵਧੇਰੇ ਪਰਚੇ ਘੱਲਿਆ ਕਰੋ। ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਵੀ ਕਦੀ ਕਦੀ ਛਾਪਣ ਦੀ ਕੋਸ਼ਿਸ਼ ਕਰਿਆ ਕਰੋ। ਪਰਚਾ ਭਾਵੇਂ ਕਿਸੇ ਵੀ ਸਿਧਾਂਤ ਦੀ ਪੈਰਵੀ ਕਰੇ ਲੋਕ ਤੁਹਾਡੇ ਨਾਲ ਤੁਰਨਗੇ। ਪਰ ਜੇ ਤੁਸੀਂ ਹਰ ਘਟੀਆ ਲਿਖਤ ਨੂੰ ਪਰਚੇ ਵਿਚ ਥਾਂ ਦਿਓਗੇ - ਸਿਰਫ਼ ਇਸ ਲਈ ਕਿ ਇਹ ਸਿਧਾਂਤਕ ਪੈਰਵੀ ਕਰਦੀ ਹੈ ਤਾਂ ਮੇਰੀ ਨਜ਼ਰ ਵਿਚ ਤੁਸੀਂ ਛੇਤੀ ਹੀ ਪਰਚੇ ਨੂੰ ਸਾਹਿਤਕ ਮਿਆਰ ਤੋਂ ਹੇਠਾਂ ਲੈ ਜਾਓਗੇ। ਇਸ ਗੱਲ ਨੂੰ ਨਾ ਭੁੱਲੋ ਕਿ ਤੁਹਾਡਾ ਲਕਸ਼ ਚੰਗੇ ਸਾਹਿਤ ਦੀ ਪੈਰਵੀ ਕਰਨਾ ਹੀ ਹੈ।

ਸੁਖਿੰਦਰ / ਟਰਾਂਟੋ।

ਮੈਨੂੰ ਇਸ ਧਰਤੀ ਤੇ ਪਹੁੰਚਕੇ ਇਹ ਆਸ ਨਹੀਂ ਸੀ ਕਿ ਇਥੇ ਵੀ ਅਗਾਂਹ ਵਧੂ ਸਾਹਿਤ ਨੂੰ ਪ੍ਰਫੁੱਲਤ ਕਰਨ ਦੇ ਯਤਨ ਜਾਰੀ ਹਨ। ਮੈਂ ਵਤਨੋਂ ਦੂਰ ਪੜ੍ਹਕੇ ਇਹ ਘਾਟ ਪੂਰੀ ਹੁੰਦੀ ਮਹਿਸੂਸ ਕੀਤੀ ਅਤੇ ਖੁਸ਼ੀ ਹੋਈ ਕਿ ਵਤਨ ਦੀ ਤਰ੍ਹਾਂ ਵਤਨੋਂ ਦੂਰ ਵੀ ਅਦਬੀ ਕਲਮ ਵਾਲੇ ਸਾਥੀ ਹਨ ਜਿਨ੍ਹਾਂ ਨੂੰ ਆਪਣੀ ਮਾਂ-ਬੋਲੀ ਤੇ ਮਾਣ ਘੱਟ ਨਹੀਂ ਭਾਵੇਂ ਉਨ੍ਹਾਂ ਨੂੰ ਵੱਖਰੀ ਹੀ ਸਭਿਅਤਾ ਵਿਚ ਰਹਿਣ ਦਾ ਮੌਕਾ ਮਿਲਿਆ ਹੈ, ਅਪਰੈਲ ਅੰਕ ਵਿਚ ਸੰਤਰਾਮ ਉਦਾਸੀ ਦੀ 'ਸੁਪਨ ਜੁਗਿਆ ਹਵਾਲਾਤੀ' ਬਹੁਤ ਹੀ ਚੰਗੀ ਕਵਿਤਾ ਲੱਗੀ ਮੈਂ ਵਤਨੋਂ ਦੂਰ ਦੀ ਸਫਲਤਾ ਲਈ ਹਮੇਸ਼ਾ ਆਸ ਰਖਦਾ ਹਾਂ।

ਹਰਜੀਤ ਸਿੰਘ ਰਾਹਾ
ਸਰੀ / ਬੀ. ਸੀ.



ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ
ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼

SONI & SONS
JEWELLERS
Specialist in East Indian Jewelery

PHONE 324-1012
RES. 327-0783

6524 MAIN ST.
(AT 49th. Ave.)
VANCOUVER, B.C.

# ਪੈਸੇ ਦੀ ਕਮੀ

— ਰਾਜ ਚੌਹਾਨ

ਪੂਰੇ ਇਕ ਸਾਲ ਤੋਂ ਇਲਾਕੇ ਦੇ ਲੋਕ ਆਪਣੀ ਕਮਿਊਨਿਟੀ ਵਿਚ ਛੋਟੇ ਬੱਚਿਆਂ ਦੇ ਸਕੂਲ ਦੀ ਮੰਗ ਕਰ ਰਹੇ ਸਨ। ਛੋਟੇ ਬੱਚਿਆਂ ਨੂੰ ਕਾਫੀ ਦੂਰ ਪੜ੍ਹਨ ਜਾਣ ਕਰਕੇ ਹਰ ਰੋਜ਼ ਟਰੈਫਿਕ ਦਾ ਸਾਹਮਣਾ ਕਰਨਾ ਪੈਂਦਾ, ਜਿਸ ਨਾਲ ਪਿਛਲੇ ਦੋ ਸਾਲਾਂ ਵਿਚ ਤਿੰਨ ਮਾਸੂਮ ਬੱਚਿਆਂ ਨੂੰ ਮੌਤ ਦਾ ਮੂੰਹ ਦੇਖਣਾ ਪਿਆ। ਕਮਿਊਨਿਟੀ ਦੇ ਲੋਕਾਂ ਨੇ ਉੱਚ-ਅਧਿਕਾਰੀਆਂ ਕੋਲ ਅਰਜ਼ੀਆਂ ਦਿੱਤੀਆਂ, ਬਹੁਤ ਨੱਠ ਭੱਜ ਕੀਤੀ ਪਰ ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕੱਲ ਜਦ ਸਕੂਲ ਤੋਂ ਪਿੱਛੋਂ ਬੱਚੇ ਘਰਾਂ ਨੂੰ ਵਾਪਿਸ ਆ ਰਹੇ ਸਨ ਤਾਂ ਇਕ ਛੋਟੀ ਬੱਚੀ ਕਾਰ ਨਾਲ ਟਕਰਾ ਗਈ, ਮਰਨੋਂ ਤਾਂ ਬਚ ਗਈ ਪਰ ਸੱਟਾਂ ਬਹੁਤ ਲੱਗੀਆਂ। ਸਾਰੀ ਕਮਿਊਨਿਟੀ ਵਿਚ ਗੁੱਸੇ ਦੀ ਲਹਿਰ ਦੌੜ ਗਈ, ਹਰ ਕੋਈ ਕੁੱਝ ਨਾ ਕੁੱਝ ਕਰਨ ਲਈ ਉਤਾਵਲਾ ਹੋ ਗਿਆ ਸੀ।

ਕਮਿਊਨਿਟੀ ਵਿਚ ਬਣੇ ਨਵੇਂ ਸ਼ਾਪਿੰਗ ਸੈਂਟਰ ਦਾ ਉਦਘਾਟਨ ਅੱਜ ਇਲਾਕੇ ਦੇ ਲੇਬਰ ਐਮ. ਪੀ ਨੇ ਕਰਨ ਆਉਣਾ ਸੀ। ਲੋਕਾਂ ਨੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸਕੀਮ ਬਣਾਈ ਕਿ ਐਮ. ਪੀ. ਦਾ ਘੇਰਾਉ ਕੀਤਾ ਜਾਵੇ। ਲੋਕਾਂ ਨੇ ਐਮ. ਪੀ. ਦਾ ਘੇਰਾਉ ਕੀਤਾ। ਪਹਿਲਾਂ ਤਾਂ ਐਮ. ਪੀ. ਆਪਣੀ ਹੈਂਕੜ ਵਿਚ ਸਮਝ ਗੱਲ ਕਰਨ ਨੂੰ ਹੀ ਤਿਆਰ ਨਹੀਂ ਸੀ ਪਰ ਜਦ ਲੋਕਾਂ ਦਾ ਦਬਾਉ ਵਧਦਾ ਗਿਆ ਤਾਂ ਹਾਰ ਕੇ ਉਸ ਨੂੰ ਬੋਲਣਾ ਹੀ ਪਿਆ, "..... ਲੇਬਰ ਸਰਕਾਰ ਨੂੰ ਤੁਹਾਡੇ ਨਾਲ ਬਹੁਤ ਹਮਦਰਦੀ ਹੈ, ਸਰਕਾਰ ਸੱਚੇ ਦਿਲੋਂ ਚਾਹੁੰਦੀ ਹੈ ਕਿ ਤੁਹਾਡੀ ਕਮਿਊਨਿਟੀ ਵਿਚ ਛੇਤੀ ਤੋਂ ਛੇਤੀ ਸਕੂਲ ਬਣਾਇਆ ਜਾਵੇ। ਮੈਂ ਅੱਜ ਹੀ ਤੁਹਾਡੀ ਮਿਊਨਸਪੈਲਟੀ ਦੇ ਅਧਿਕਾਰੀਆਂ ਨਾਲ ਗੱਲ ਕਰਾਂਗਾ, ਪਰ ਤੁਹਾਡੀ ਮਿਊਨਸਪੈਲਟੀ ਕੋਲ ਅਜੇ ਪੈਸੇ ਦੀ ਬਹੁਤ ਕਮੀ ਹੈ। ਮੈਂ ਤੁਹਾਨੂੰ ਪੂਰੀ ਇਮਾਨਦਾਰੀ ਨਾਲ ਯਕੀਨ ਦੁਆਉਂਦਾ ਹਾਂ ਕਿ ਮੈਂ ਪੂਰਾ ਜ਼ੋਰ ਲਾਵਾਂਗਾ। ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਇੰਗਲੈਂਡ ਦੀ ਸਰਕਾਰ ਨੂੰ ਬੱਚਿਆਂ ਦੀ ਭਲਾਈ ਤੇ ਖਾਸ ਕਰਕੇ ਪੜ੍ਹਾਈ ਦਾ ਬਹੁਤ ਧਿਆਨ ਰਿਹਾ ਹੈ।" ਕਹਿ ਕੇ ਐਮ. ਪੀ ਆਪਣੇ ਚਮਚਿਆਂ ਦੀ ਭੀੜ ਵਿਚ ਅਲੋਪ ਹੋ ਗਿਆ।

ਦੂਸਰੇ ਪਾਸੇ ਬੀ. ਬੀ. ਸੀ ਤੋਂ ਖਬਰਾਂ ਆ ਰਹੀਆਂ ਸਨ . . . . ਕਿ ਦੱਖਣੀ ਅਫਰੀਕਾ ਵਿਚ ਲੱਭੇ ਬਹੁਮੁੱਲੇ ਹੀਰੇ ਨੂੰ ਸ਼ਾਹੀ ਪਰਵਾਰ ਨੇ ਖਰੀਦਣ ਦਾ ਫੈਸਲਾ ਕੀਤਾ ਹੈ, ਜਿਸ ਦੀ ਕੀਮਤ ਤਕਰੀਬਨ ਪੰਜ ਮਿਲੀਅਨ ਪੌਂਡ ਹੈ। ਇਹ ਹੀਰਾ ਰਾਜਕੁਮਾਰੀ ਦੇ ਵਿਆਹ ਵਿਚ ਤੋਹਫੇ ਵਜੋਂ ਦਿੱਤਾ ਜਾਵੇਗਾ। . . . . .

## ਜੇ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:

i) ਨਵਾਂ ਪਤਾ
ii) ਜ਼ਿਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ

ਸਾਨੂੰ ਭੇਜੋ!

ਵਤਨੋਂ ਦੂਰ
P. O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ.

- ਮੈਂ ਸੱਤ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉੱਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ:
- ਅਸੀਂ ਬਾਰਾਂ ਡਾਲਰ ਭੇਜ ਰਹੇ ਹਾਂ। ਕਿਰਪਾ ਕਰਕੇ ਕੈਨੇਡਾ ਵਿਚੋਂ ਇੰਨਾਂ ਦੇ ਪਤਿਆਂ ਤੇ ਇਕ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ: (ਦੋ ਦੇ ਚੰਦੇ ਇਕੱਠੇ ਭੇਜ ਕੇ ਦੋ ਡਾਲਰ ਬਚਾਇਓ!)

# ਚੀਨ 'ਚ ਮੁਕੰਮਲ ਇਨਕਲਾਬ

ਡਾ: ਸਹਿਦੇਵ ਕੁਮਾਰ

ਫ਼ਰਵਰੀ ੧੯੭੩ ਦੀ ਇਕ ਸਰਦ ਸ਼ਾਮ ਨੂੰ, ਕਨੇਡਾ ਦੀ ਯੂਨੀਵਰਸਿਟੀ ਵਾਟਰਲੂ ਵਿਖੇ ਮੈਂ ਇਕ ਕਨੇਡਾ ਦੇ ਧਰਮ ਪ੍ਰਚਾਰਕ ਨੂੰ ਆਪਣੀ ਚੀਨ ਯਾਤਰਾ ਬਾਰੇ ਬੋਲਦਿਆਂ ਸੁਣਿਆ। ਰੇਵ ਜੇਮਸ ਐਂਡੀਕੋਟ ਜੋ ਹੁਣ ਅੱਸੀਆਂ ਨੂੰ ਛੂਹ ਰਿਹਾ ਹੈ, ੧੯੪੯ ਦੇ ਕਮਿਊਨਿਸਟ ਇਨਕਲਾਬ ਤੋਂ ਪਹਿਲਾਂ ਚੀਨ ਵਿਚ ਤੀਹ ਸਾਲ ਬਿਤਾ ਚੁੱਕਾ ਸੀ। ਉਸ ਨੇ ਕਮਿਊਨਿਜ਼ਮ ਦਾ ਮਲੀਆਮੇਟ ਕਰਨ ਲਈ ਚਿਆਂਗ ਕਾਈ ਸ਼ੇਕ ਦਾ ਪੂਰਾ ਸਾਥ ਦਿਤਾ ਸੀ ਅਤੇ ਉਹ ਸੀ. ਆਈ. ਏ. ਲਈ ਗੁਪਤ ਤੋਂ ਗੁਪਤ ਭੇਦਾਂ ਦੀ ਜਾਣਕਾਰੀ ਦਾ ਵਸੀਲਾ ਵੀ ਰਿਹਾ ਸੀ।

ਰੇਵ ਜੇਮਜ਼ ਐਂਡੀਕੋਟ ਹੁਣੇ ਹੁਣੇ ਇਕ ਹੋਰ ਚੀਨ ਦੀ ਯਾਤਰਾ ਤੋਂ ਪਰਤਿਆ ਸੀ ਜਿਵੇਂ ਕਿ ਉਹ ਆਜ਼ਾਦੀ ਤੋਂ ਬਾਅਦ ਕਈ ਵਾਰ ਚੀਨ ਯਾਤਰਾ ਕਰ ਚੁੱਕਾ ਸੀ। ਉਸ ਕਹਿਣਾ ਸ਼ੁਰੂ ਕੀਤਾ, "ਮੈਨੂੰ ਸਮਝ ਨਹੀਂ ਆਉਂਦੀ ਮੈਂ ਕਿਵੇਂ ਦੱਸਾਂ—ਮੈਂ ਅਜਿਹੇ ਹਨੇਰੇ ਵਿਚ ਸੀ ਕਿ ਮੈਨੂੰ ਹੁਣੇ ਹੀ ਅਹਿਸਾਸ ਹੋਇਆ ਹੈ ਕਿ ਮੈਂ ਗ਼ਲਤ ਸੋਚਣੀ ਦਾ ਸ਼ਿਕਾਰ ਰਿਹਾ ਹਾਂ। ਹੁਣ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਕੇਵਲ ਚੀਨ ਹੀ ਅਸਲ ਅਰਥਾਂ ਵਿਚ ਦੁਨੀਆਂ ਦਾ ਇਕ ਜੀਵਤ ਈਸਾਈ ਦੇਸ਼ ਹੈ।" ਫਿਰ ਉਸ ਨੇ ਸਾਨੂੰ ਦਸਿਆ ਕਿ ਕਿਵੇਂ 'ਨਵੇਂ ਚੀਨ' ਵਿਚ ਬਾਈਬਲ ਦਾ 'ਆਪਣੇ ਲਈ ਨਹੀਂ ਆਪਣੇ ਭਰਾ ਲਈ' ਜਿਊਣ ਦੇ ਉਦੇਸ਼ 'ਜ਼ਿੰਦਾ ਸਚਾਈ' ਦੇ ਰੂਪ ਵਿਚ ਉਪਸਥਿਤ ਹੈ—ਜੋ ਕੇ ਮਨੁੱਖਤਾ ਦੇ ਇਤਿਹਾਸ ਵਿਚ ਏਨੀ ਵੱਡੀ ਗਿਣਤੀ ਵਿਚ ਕਿਤੇ ਵੀ ਨਹੀਂ ਹੈ।

ਜਦੋਂ ਮੈਂ ਬੈਠਾ ਸਮਾਜਿਕ ਇਨਸਾਫ਼ ਅਤੇ ਬਰਾਬਰੀ ਦੀਆਂ ਇਹ ਅਦਭੁਤ ਕਹਾਣੀਆਂ ਸੁਣ ਰਿਹਾ ਸੀ ਤਾਂ ਮੈਨੂੰ ਲਗਾ ਕਿ ਜਿਵੇਂ ਉਹ ਉਸ ਧਰਮ ਦੇ ਜਨੂੰਨੀ ਘੜੇ ਅਫ਼ਸਾਨੇ ਹੋਣ ਜੋ ਤਾਜ਼ਾ ਤਾਜ਼ਾ ਕਮਿਊਨਿਸਟ ਬਣਿਆ ਸੀ। ਪਰ ਮੇਰੇ ਨਾ ਚਾਹੁੰਣ ਤੇ ਵੀ ਉਸ ਦੇ ਸ਼ਬਦ ਕਈ ਸਾਲ ਮੇਰੇ ਕੰਨਾਂ ਵਿਚ ਗੂੰਜਦੇ ਰਹੇ।

ਵੈਨਕੋਵਰ ਵਿਚ ਜਦੋਂ ਮੈਂ ਤਿੰਨ ਹਫ਼ਤਿਆਂ ਦੀ ਚੀਨ ਯਾਤਰਾ ਦੀ ਤਿਆਰੀ ਕਰ ਰਿਹਾ ਸੀ ਤਾਂ ਕਈ ਦੋਸਤਾਂ ਨੇ ਮੈਨੂੰ ਚੌਕਸ ਕੀਤਾ ਜਿਹੜੇ ਕਿ ਪਹਿਲਾਂ ਉਥੇ ਘੁੰਮ ਆਏ ਸੀ ਕਿ ਮੈਂ ਆਪਣੇ ਆਪ ਨੂੰ ਇਕ ਨਵੇਂ ਤਜਰਬੇ ਲਈ ਤਿਆਰ ਕਰ ਲਵਾਂ ਕਿਉਂਕਿ ਚੀਨ ਕਿਸੇ ਹੋਰ ਦੇਸ ਵਰਗਾ ਨਹੀ ਹੈ। ਉਥੇ ਜਾਣ ਲਗਿਆਂ ਆਪਣੀਆਂ ਪਹਿਲੀਆਂ ਧਾਰਨਾਵਾਂ ਪਿਛੇ ਛੱਡ ਜਾਣੀਆਂ ਚਾਹੀਦੀਆਂ ਹਨ। ਤੇ ਨਾਲ ਹੀ ਉਨ੍ਹਾਂ ਨੇ ਮੈਨੂੰ ਚਿਤਾਵਨੀ ਦਿਤੀ ਕਿ ਮੈਨੂੰ ਆਪਣੇ ਸਮਾਜ ਬਾਰੇ ਪੁਛੇ ਜਾਣ ਵਾਲੇ ਗੁਸਤਾਖ਼ ਸਵਾਲਾਂ ਬਾਰੇ ਵੀ ਤਿਆਰ ਰਹਿਣਾ ਚਾਹੀਦਾ ਹੈ।

ਦੋਵੀ ਡਾਕਟਰਾਂ ਅਤੇ ਕੁਝ ਹੋਰ ਵਿਅਕਤੀਆਂ ਦੇ ਗ਼ੈਰ ਸਰਕਾਰੀ ਵਫ਼ਦ ਦੇ ਮੈਂਬਰ ਵਜੋਂ ਅਸੀਂ ਚੀਨ ਦੇ ਕਈ ਛੋਟੇ ਅਤੇ ਵੱਡੇ ਸ਼ਹਿਰਾਂ ਅਤੇ ਕਈ ਪਿੰਡਾਂ ਦਾ ਦੌਰਾ ਕੀਤਾ ਅਤੇ ਲਗ ਭਗ ਪਜ ਹਜ਼ਾਰ ਮੀਲ ਤਕ ਘੁੰਮੇ। ਸਾਰੇ ਸਫ਼ਰ ਦੌਰਾਨ ਸਾਡੇ ਨਾਲ ਤਿੰਨ ਦੁਭਾਸ਼ੀਏ ਗਾਈਡ ਸਨ। ਜਿਨ੍ਹਾਂ ਵਿਚੋਂ ਇਕ ਪੈਂਤੀ ਸ਼ਾਲ ਦਾ ਵਿਅਕਤੀ ਮਿਸਟਰ ਵੂ ਅਤੇ ਦੋ ਵੀਹ ਸਾਲਾ ਲੜਕੀਆਂ ਲੀ ਅਤੇ ਵੌਂਗ ਸਨ। ਇਹ ਤਿੰਨੇ ਗਾਈਡ ਅਨੁਵਾਦ ਕਰਨ ਅਤੇ ਚੀਨੀ ਜ਼ਿੰਦਗੀ ਬਾਰੇ ਸਾਡੇ ਵਲੋਂ ਕੀਤੇ ਜਾਣ ਵਾਲੇ ਅਜਿਹੇ ਸਵਾਲਾਂ ਦੇ ਉੱਤਰ ਦੇਣ ਲਈ ਸਨ ਜੋ ਇਕ ਦਮ ਸਾਡੀ ਸਮਝ ਵਿਚ ਨਹੀਂ ਆਉਂਦੇ ਸਨ। ਸਾਡੇ ਪ੍ਰਸ਼ਨ ਅਤੇ ਪੁੱਛ ਗਿੱਛ ਨਰਮ ਬਿਲਕੁਲ ਨਹੀਂ ਸੀ। ਸੋ ਕਈ ਵਾਰੀ ਲੰਬੀਆਂ ਅਤੇ ਗਰਮ ਬਹਿਸਾਂ ਵੀ ਹੋ ਗਈਆਂ। ਵੂ ਅਕਸਰ ਕਹਿੰਦਾ, "ਪੁੱਛੋ, ਹੋਰ ਪੁੱਛੋ, ਗੋਲੀਆਂ ਦੀ ਤਰ੍ਹਾਂ ਸੁਆਲਾਂ ਦੀ ਬੁਛਾੜ ਕਰੋ—ਇਹ ਸਾਨੂੰ ਮਜ਼ਬੂਤ ਕਰਦੇ ਹਨ।"

ਸਾਨੂੰ ਕਿਸੇ ਸ਼ਹਿਰ ਦੇ ਕਿਸੇ ਹਿਸੇ ਵਿਚ ਵੀ ਘੁੰਮਣ ਫਿਰਨ ਦੀ ਅਤੇ ਫ਼ੋਟੋ ਖਿਚਣ ਦੀ ਖੁੱਲ੍ਹ ਸੀ। ਚੀਨ ਵਿਚ ਆਪਣੀ ਠਹਿਰ ਦੇ ਅੰਤਿਮ ਦਿਨ ਅਸੀਂ ਅੰਦਾਜ਼ਾ ਲਗਾਇਆ ਕਿ ੧੮ ਦਿਨਾਂ ਵਿਚ ਅਸੀਂ ਕੁਲ ੧੦,੦੦੦ ਤਸਵੀਰਾਂ ਲੈ ਚੁਕੇ ਸੀ।

ਚੀਨ ਵਿਚ ਪਹਿਲੀ ਚੀਜ਼ ਜੋ ਨਜ਼ਰੀਂ ਪੈਂਦੀ ਹੈ ਉਹ ਹੈ ਇਸ ਦੀ ਸਾਦਗੀ। ਚੀਨ ਵਿਚ ਕੋਈ ਅਕਾਸ਼ ਛੂੰਹਦੀਆਂ ਇਮਾਰਤਾਂ ਨਹੀਂ ਹਨ, ਕੋਈ ਫ਼ੈਸ਼ਨਦਾਰ ਬਜ਼ਾਰ ਨਹੀਂ ਹਨ ਅਤੇ ਕੋਈ ਸ਼ਾਨਦਾਰ ਦਫ਼ਤਰ ਜਾਂ ਯਾਦ ਸਤੰਭ ਨਹੀਂ ਹਨ। ਉਥੇ ਗਲੀਆਂ ਜਾਂ ਹੋਟਲਾਂ ਵਿਚ ਕੋਈ ਚੀਨੀ ਵੀ ਕੀਮਤੀ ਕਪੜਿਆਂ ਅਤੇ ਗਹਿਣਿਆਂ, ਜਾਂ ਹਾਰ-ਸ਼ਿੰਗਾਰ ਵਿਚ ਨਜ਼ਰ ਨਹੀਂ ਆਉਂਦਾ। ਸਚ ਮੁੱਚ ਹੀ ਅਸੀਂ ਕਿਸੇ ਹਸਪਤਾਲ ਦੇ ਡਾਇਰੈਕਟਰ ਅਤੇ ਕਿਸੇ ਕਾਰਖ਼ਾਨੇ ਦੇ ਕਾਮੇ ਵਿਚ-ਜਾਂ ਫਿਰ ਕਿਸੇ ਸਕੂਲ ਦੇ ਅਧਿਆਪਕ ਵਿਚ ਅਤੇ ਖੇਤ ਵਿਚ ਕਿਸਾਨ ਦੇ ਕਪੜਿਆਂ ਵਿਚ ਕੋਈ ਫ਼ਰਕ ਨਹੀਂ ਲਭ ਸਕਦੇ। ਭਾਵੇਂ ਸਾਰੇ ਚੀਨੀ "ਭੂਰੇ ਰੰਗ ਦੀ ਵਰਦੀ" ਨਹੀਂ ਪਾਉਂਦੇ ਅਤੇ ਰੰਗਾਂ ਅਤੇ ਨਮੂਨਿਆਂ ਦੀ ਕਾਫੀ ਭਿੰਨਤਾ ਦੇਖਣ ਵਿਚ ਆਉਂਦੀ ਹੈ—ਪਰ ਉਹ ਫਿਰ ਵੀ ਕਦੇ ਸ਼ੋਖ਼ ਤੇ ਭੜਕੀਲੇ ਨਹੀਂ ਹੁੰਦੇ।

## ਨਜ਼ਦੀਕੀ ਦੂਰੀ ਤੇ ਚਕਿਤਸਾ ਕੇਂਦਰ

ਚੀਨ ਦੇ ਪਿਛੜੇ ਤੋਂ ਪਿਛੜੇ ਪਿੰਡ ਤੋਂ ਵੀ ਚਕਿਤਸਾ ਕੇਂਦਰ ਤਕ ਪਹੁੰਚਣ ਵਿਚ ੧੫ ਮਿੰਟਾਂ ਤੋਂ ਵਧ ਵਕਤ ਨਹੀਂ ਲਗਦਾ। ਉਥੇ ਕੋਈ ਵੀ ਨੰਗੇ ਪੈਰੀਂ ਜਾਂ ਗੰਦੇ ਕਪੜਿਆਂ ਵਿਚ ਨਜ਼ਰ ਨਹੀਂ ਆਉਂਦਾ। ਅਸੀਂ ਕਿਸੇ ਨੂੰ ਵੀ ਸੜਕ ਦੀ ਪਟੜੀ ਤੇ ਸੁਤਾ ਨਹੀਂ ਦੇਖਿਆ ਅਸੀਂ ਪੀਕਿੰਗ ਅਤੇ ਕੈਂਟਨ ਵਿਚ ਕਈ ਮੀਲਾਂ ਤਕ ਚਲੇ। ਪਰ ਅਸੀਂ ਕੋਈ ਗੰਦੀਆਂ ਕੋਠੜੀਆਂ ਨਹੀਂ ਦੇਖੀਆਂ। ਸਾਨੂੰ ਕੋਈ ਮੰਗਤਾ ਨਹੀਂ ਦਿਸਿਆ ਅਤੇ ਨਾ ਹੀ ਕੋਈ ਰਿਕਸ਼ਾ ਚਾਲਕ, ਕੁਲੀ ਜਾਂ ਨੌਕਰ ਨਜ਼ਰ ਆਇਆ। ਕੁਝ ਪਿੰਡਾਂ ਵਿਚ ਅਸੀਂ ਕੁਝ ਆਦਮੀਆਂ ਨੂੰ ਗੱਡਾ ਖਿੱਚਦੇ ਵੇਖਿਆ। ਪਰ ਉਹ ਵੀ ਗ਼ਰੀਬ, ਦੁਖੀ ਜਾਂ ਕਮਜ਼ੋਰ ਬਿਲਕੁਲ ਨਹੀਂ ਲਗਦੇ ਸਨ।

ਚੀਨ ਇਕ ਗ਼ਰੀਬ ਦੇਸ ਤਾਂ ਹੈ। ਪਰ ਉਸ ਦੀ ਗ਼ਰੀਬੀ ਮੈਕਸੀਕੋ, ਭਾਰਤ ਅਤੇ ਯੂ. ਐਸ. ਏ. ਵਰਗੀ ਨਹੀਂ; ਇਥੇ ਦੁਖ, ਭੁੱਖ ਨਿਰਾਸ਼ਾ ਅਤੇ ਬੇਇਨਸਾਫ਼ੀ ਦਾ ਨਿਸ਼ਾਨ ਤਕ ਨਹੀਂ। ਅਸਲੀਅਤ ਇਹ ਹੈ ਕਿ ਚੀਨ ਵਿਚ ਕੁਝ ਚੀਜ਼ਾਂ ਦੀ ਥੁੜ ਤਾਂ ਹੈ, ਪਰ ਗ਼ਰੀਬੀ ਨਹੀਂ, ਅਤੇ ਥੁੜ੍ਹ ਵਿਚ ਵੀ ਸਾਰੇ ਹਿੱਸੇਦਾਰ ਹੁੰਦੇ ਹਨ। ਇਹ ਸਮਾਜ ਦੀ ਕਿਸੇ ਜਮਾਤ

ਵਿਚ ਰੰਜ ਪੈਦਾ ਨਹੀਂ ਕਰਦੀ। ਫਿਰ ਵੀ ਇਸ ਬੁਝ ਕਾਰਨ ਕੁਝ ਖ਼ਾਸ ਨੇਤਾਵਾਂ ਵਿਰੁਧ ਭਰਮ ਉਤਪਨ ਹੁੰਦੇ ਹਨ। ਜੋ 'ਪੂੰਜੀਵਾਦੀ ਰਾਹ' ਤੇ ਚਲਣ ਦਾ ਝੁਕਾਅ ਰਖਦੇ ਹਨ ਜਿਥੇ ਲਾਭ ਅਤੇ ਮੁਕਾਬਲੇ ਅਤੇ ਸਮਾਜਿਕ ਕਦਰਾਂ ਦੀ ਬਜਾਏ ਆਰਥਕ ਕਦਰਾਂ ਨੂੰ ਪੈਦਾਵਾਰ ਦੇ ਅਸੂਲਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਅਜਿਹੇ ਸਾਰੇ ਲੋਕ ਜੋ ਪਰੰਪਰਾਵਾਦੀ ਸਮਾਜ ਵਿਚ ਅਮੀਰਾਂ—ਬੁਰਜੂਆਜ਼ੀ ਦੀਆਂ ਝੋਲੀਆਂ ਚੁੱਕਣ ਅਤੇ ਉਨ੍ਹਾਂ ਦਾ ਜੀਵਨ ਮਿਆਰ ਉਚਾ ਕਰਨ ਵਿਚ ਲਗ ਰਹਿੰਦੇ ਹਨ—ਨਵੇਂ ਚੀਨ ਵਿਚ ਖ਼ਤਮ ਹੋ ਚੁਕੇ ਹਨ। ਕੁਲੀ ਘਰੇਲੂ ਨੌਕਰ, ਭੰਗੀ, ਧੋਬੀ, ਜੁੱਤੀਆਂ ਚਮਕਾਉਣ ਵਾਲੇ ਮੁੰਡੂ, ਬੱਘੀ ਵਾਨ, ਅੰਗ ਰਖਸ਼ਕ, ਚਪੜਾਸੀ, ਦਰਬਾਨ, ਟਾਂਗਾ ਡਰਾਇਵਰ, ਰਿਕਸ਼ਾ ਚਾਲਕ, ਅਤੇ ਇਸ ਤਰ੍ਹਾਂ ਦੇ ਹੋਰ ਕਿਤੇ ਨਹੀਂ ਲੱਭਦੇ। ਗਲਤ ਢੰਗ ਨਾਲ ਪੈਸਾ ਬਣਾਉਣ ਵਾਲੇ ਸੱਟੇ ਬਾਜ, ਦਲਾਲ, ਵਪਾਰੀ, ਅਤੇ ਜ਼ਿਮੀਦਾਰ ਹਿਸੇਦਾਰ ਜੋ ਪੂੰਜੀਵਾਦੀ ਅਰਥਚਾਰੇ ਦੇ ਚੌਧਰੀ ਹੁੰਦੇ ਹਨ, ਸਭ ਅਲੋਪ ਹੋ ਚੁਕੇ ਹਨ।

ਚੀਨ ਦੀ ਕੁਲ ਜਨ ਸੰਖਿਆ ਦਾ ੯੦ ਪ੍ਰਤੀਸ਼ਤ ਹਿਸਾ ਕਿਸਾਨ, ਸਿਪਾਹੀ, ਅਤੇ ਕਾਰਖ਼ਾਨੇ ਦੇ ਕਾਮੇ ਹਨ। ਅਸਲ ਅਰਥਾਂ ਵਿਚ ਉਹ ਪ੍ਰੋਲਤਾਰੀ ਹਨ। ਚੀਨ ਦੀਆਂ ਸਭ ਆਰਥਕ ਅਤੇ ਰਾਜਨੀਤਕ ਨੀਤੀਆਂ ਦਾ ਧੁਰਾ ਲੋਕ ਭਲਾਈ ਹੁੰਦਾ ਹੈ। ਬਾਕੀ ਅਧਿਆਪਕ ਡਾਕਟਰ, ਇੰਜੀਨੀਅਰ, ਪ੍ਰਬੰਧਕ, ਪੱਤਰਕਾਰ, ਕਲਾਕਾਰ, ਵਿਗਿਆਨੀ, ਅਤੇ ਖੋਜ ਕਰਨ ਵਾਲੇ ਅਤੇ ਇਸ ਤਰ੍ਹਾਂ ਦੇ ਹੋਰ ਸਭ ਸੇਵਾਦਾਰ ਹਨ। ਉਹ ਪ੍ਰੋਲਤਾਰੀ ਵਰਗ ਦੇ ਪੇਸ਼ਾਵਰ ਸੇਵਾਦਾਰ ਹਨ ਅਤੇ ਇਹ ਮੁਕੰਮਲ ਪਲੈਟਾ ਹੀ ਚੀਨ ਦੇ ਇਨਕਲਾਬ ਨੂੰ ਸਚਿਆਉਂਦਾ ਹੈ।

## ਕੋਈ ਨਿੱਜੀ ਕਾਰ ਨਹੀਂ

ਚੀਨ ਦੇ ਇਕ ਵਿਅਕਤੀ ਦੀ ਜਾਇਦਾਦ ਇਕ ਘੜੀ, ਬਾਈਸਾਈਕਲ, ਰੇਡੀਓ ਸਿਲਾਈ ਮਸ਼ੀਨ, ਕਪੜੇ ਜਾਂ ਕੁਝ ਬੱਚਤ ਤਾਂ ਹੋ ਸਕਦੀ ਹੈ, ਪਰ ਉਸ ਕੋਲ ਹੋਰ ਕਿਸੇ ਕਿਸਮ ਦੀ ਜਾਇਦਾਦ ਨਹੀਂ ਹੈ। ਉਤਪਾਦਨ ਦੇ ਸਾਰੇ ਸਾਧਨ ਸਾਂਝੀ ਮਲਕੀਅਤ ਹਨ। ਜਿਸ ਤੇ ਸਟੇਟ ਨਾਲੋਂ ਜ਼ਿਆਦਾ ਹੱਕ ਲੋਕਾਂ ਦਾ ਹੈ।

ਕਿਸੇ ਕੋਲ ਨਿਜੀ ਕਾਰ, ਸਕੂਟਰ ਅਤੇ ਰੈਫਰਿਜਰੇਟਰ ਜਾਂ ਰੇਡੀਓ ਆਦਿ ਨਹੀਂ ਹਨ। ਪੀਕਿੰਗ ਵਿਚ ਅੱਠ ਲਖ ਲੋਕਾਂ ਕੋਲ ਲੱਖਾਂ ਤਕ ਸਾਈਕਲ ਤਾਂ ਹਨ, ਪਰ ਕਾਰਾਂ ਸਿਰਫ਼ ਗਿਣਤੀ ਦੀਆਂ ਹਨ। ਬੱਸਾਂ, ਟੈਕਸੀਆਂ ਅਤੇ ਸਰਕਾਰੀ ਕਾਰਾਂ ਹਨ (ਪਰ ਸਾਨੂੰ ਦਸਿਆ ਗਿਆ ਕਿ ਉਹ ਪੂਰੀ ਤਰ੍ਹਾਂ ਸਰਕਾਰੀ ਕੰਮ ਲਈ ਵਰਤੀਆਂ ਜਾਂਦੀਆਂ ਹਨ) ਪਰ ਕੋਈ ਰਿਕਸ਼ਾ, ਟਾਂਗੇ ਜਾਂ ਸਕੂਟਰ ਨਹੀਂ ਹਨ।

ਚੀਨ ਦੇ ਸਾਰੇ ਸਾਧਨਾਂ ਅਤੇ ਤਕਨੀਕੀ ਗਿਆਨ ਦੀ ਵਰਤੋਂ ਬੜੇ ਹੀ ਉਸਾਰੀ ਢੰਗ ਨਾਲ ਕੀਤੀ ਗਈ ਹੈ—ਕਾਰਾਂ ਨਾਲੋਂ ਟਰੈਕਟਰ ਬਣਾਉਣ ਵਿਚ ਟੈਕਨਾਲੋਜੀ ਨਾਲ ਵੇਸਟ ਪਦਾਰਥਾਂ ਨੂੰ ਮੁੜ ਊਰਜਾ ਦੀ ਜਗ੍ਹਾ ਵਰਤਣਾ ਅਤੇ ਉਥੋਂ ਦਾ ਕੋਈ ਨਾਅਰਾ ਅਤੇ ਫਿਲਾਸਫ਼ੀ ਹੈ। ਸਾਨੂੰ ਦਸਿਆ ਗਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਪੀਕਿੰਗ ਵਿਚ ਕੋਈ ਵੀ ਹਾਦਸਾ ਨਹੀਂ ਵਾਪਰਿਆ।

**ਕਨੇਡਾ ਦੇ ਇਕ ਹੋਟਲ ਦੇ ਮਾਲਕ ਡਬਲਯੂ. ਐਚ. ਸਕੌਟ ਜੋ ਆਜ਼ਾਦੀ ਤੋਂ ਪਹਿਲਾਂ ਸ਼ੰਘਾਈ ਵਿਚ ਰਹਿ ਚੁਕਾ ਸੀ ਨੇ ੧੯੬੫ ਤੋਂ ਬਾਅਦ ਇਕ ਸਫ਼ਰ ਦੀਆਂ ਪੁਰਾਣੀਆਂ ਯਾਦਾਂ ਨੂੰ ਦੁਹਰਾਉਂਦਿਆਂ ਕਿਹਾ,** "ਬੀਮਾਰ ਦਿਮਾਗ਼ ਵਾਲੇ ਜਾਂ ਜੂੰਆਂ ਖਾਧੇ ਸਿਰਾਂ ਵਾਲੇ ਬੱਚੇ ਲਭਿਆਂ ਨਹੀਂ ਲਭਦੇ ਸਨ। ਕੋਈ ਵੀ ਸੁੱਜੀਆਂ ਲਾਲ ਅੱਖਾਂ ਵਾਲੇ, ਲਹੂ ਵਗਦੇ ਮਸੂੜ੍ਹਿਆਂ ਅਤੇ ਵਧੇ ਹੋਏ ਜਿਗਰ ਅਤੇ ਵਿੰਗੀਆਂ ਟੇਢੀਆਂ ਲੱਤਾਂ ਬਾਹਵਾਂ ਵਾਲੇ ਬੱਚੇ ਨਹੀਂ ਸਨ। ਮੈਂ ਕੋਸ਼ਿਸ਼ ਵੀ ਕੀਤੀ ਕਿ ਕਿਤੇ ਸੜਕ ਦੀ ਪਟੜੀ ਤੇ ਅਜਿਹੇ ਬੱਚੇ ਨਜ਼ਰ ਆਉਣ ਜਿੰਨ੍ਹਾਂ ਨੂੰ ਮੰਗਤਿਆਂ ਨੇ ਜਾਣ ਬੁਝ ਕੇ ਹੀ ਲੰਗੜੇ, ਲੂਲੇ ਬਣਾਇਆ ਹੋਵੇ। ਕੋਈ ਅਜਿਹਾ ਬੱਚਾ ਨਹੀਂ ਸੀ ਜਿਸ ਨੂੰ ਘੁੱਪ-ਹਨੇਰੀਆਂ, ਫ਼ੈਕਟਰੀਆਂ ਵਿਚ ਗ਼ੁਲਾਮਾਂ ਦੀ ਤਰ੍ਹਾਂ ਦਿਨ ਦੇ ੧੨ ਘੰਟੇ ਕੰਮ ਕਰਨਾ ਪੈਂਦਾ ਹੋਵੇ ਅਤੇ ਅਸਲ ਅਰਥਾਂ ਵਿਚ ਉਹ ਵਿਚਾਰੇ ਮਸ਼ੀਨਾਂ ਦੀ ਗ਼ੁਲਾਮੀ ਵਿਚ ਜਕੜੇ ਹੋਣ। ਕੋਈ ਅਜਿਹਾ ਨਹੀਂ ਸੀ ਜਿਸ ਵਿਚਾਰੇ ਦੀ ਇਕ ਉਂਗਲ ਕੱਟੀ ਜਾਣ ਕਰਕੇ ਉਸ ਨੂੰ ਗਲੀਆਂ ਵਿਚ ਭੀਖ ਮੰਗਣ ਜੋਗਾ ਛੱਡ ਦਿਤਾ ਜਾਵੇ, ਅਤੇ ਉਹ ਕੂੜੇ ਦੇ ਪੀਪਿਆਂ ਵਿਚੋਂ ਆਪਣੀ ਭੁੱਖ ਦੀ ਅੱਗ ਮਿਟਾਉਂਦਾ ਫਿਰੇ।"

੧੯੬੫ ਵਿਚ ਮਿਸਟਰ ਸਕੌਟ ਨੂੰ ਖੋਜ ਕਰਨ ਤੇ ਅਜਿਹਾ ਕੋਈ ਕੇਸ ਨਹੀਂ ਮਿਲਿਆ। ਸੱਚ ਹੀ ਚੀਨ ਦੇ ਬੱਚੇ ਜਿਨ੍ਹਾਂ ਨੂੰ ਅਸੀਂ ਪੰਜ ਲੱਖ ਤੋਂ ਵਧ ਗਿਣਤੀ ਵਿਚ ਤਕਿਆ ਹੋਵੇਗਾ ਸੰਸਾਰ ਭਰ ਦੇ ਬੱਚਿਆਂ ਵਿਚ ਸਭ ਤੋਂ ਖ਼ੁਸ਼ ਅਤੇ ਸਿਹਤਮੰਦ ਸਨ।

## ਜੰਗੀ ਨਾਵਲ ਦੀ ਤਰ੍ਹਾਂ ਦਿਲਚਸਪ ਇਹ ਚਮਤਕਾਰ ਕਿਵੇਂ ਹੋਇਆ ?

ਉਥੇ ਦੇ ਲੋਕਾਂ ਦੀ ਸਿਹਤ ਦੀ ਕਹਾਣੀ ਇਕ ਜੰਗੀ ਨਾਵਲ ਦੀ ਤਰ੍ਹਾਂ ਹੈ ਜਿਵੇਂ ਕਿ ਡਾਕਟਰ ਜੋਸ਼ਵਾ ਹੋਰਨ ਨੇ ਆਪਣੀ ਪੁਸਤਕ "ਅਵੇ ਵਿਦ ਆਲ ਦੂ ਪੈਕਟਸ-ਬੇਅਰ ਫੁਟ ਡਾਕਟਰ" ਵਿਚ ਆਪਣੇ ਤਜਰਬੇ ਦਸਦਿਆਂ ਕਿਹਾ ਪਰੰਪਰਾਵਾਦੀ ਅਤੇ ਪੱਛਮੀ ਦਵਾਈ ਦਾ ਸਾਂਝਾ ਪਰਯੋਗ, ਆਕੂਪੰਚਰ ਦੀ ਵਰਤੋਂ, ਪਿੰਡਾਂ ਦੇ ਖੇਤਾਂ ਵਿਚ ਜੜੀ ਬੂਟੀਆਂ ਅਤੇ ਦਵਾਈਆਂ ਦੀ ਪੈਦਾਵਾਰ ਸਮਾਜ ਦੀ ਡੂੰਘੀ ਦਿਲਚਸਪੀ, ਆਪੂਰਨ ਖ਼ੁਰਾਕ ਦੀ ਦੂਰੀ, ਵਿਅਕਤੀਗਤ ਲਾਭ ਦਾ ਬਿਲਕੁਲ ਖ਼ਾਤਮਾ ਅਤੇ ਹਰ ਇਕ ਲਈ ਸਾਫ਼ ਸੁਥਰੇ ਪਾਣੀ ਦਾ ਹੋਣਾ—ਇਨ੍ਹਾਂ ਸਾਰੀਆਂ ਗੱਲਾਂ ਨੂੰ ਚੀਨ ਨੂੰ ਸੰਸਾਰ ਦੇ ਸਭ ਤੋਂ ਸਾਫ਼ ਅਤੇ ਸਿਹਤਮੰਦ ਦੇਸਾਂ ਵਿਚੋਂ ਇਕ ਬਣਾਉਣ ਵਿਚ ਬੜਾ ਹਿੱਸਾ ਪਾਇਆ ਹੈ।

ਕੈਂਟਨ ਦੇ ਇਕ ਹਸਪਤਾਲ ਵਿਚ ਅਸੀਂ ਦੁਨੀਆਂ ਤੋਂ ਨਿਆਰੀ ਹੀ ਇਕ ਚੀਜ਼ ਵੇਖੀ। ਇਕ ਕਮਰੇ ਵਿਚ ਕਾਰਖ਼ਾਨੇ ਵਿਚ ਕੰਮ ਕਰਨ ਵਾਲੇ ਤਿੰਨ ਕਾਮੇ ਦੋ ਆਦਮੀ ਅਤੇ ਇਕ ਔਰਤ ਜੋ ਕਿ ਉਮਰ ਵਿਚ ਵੀਹਾਂ ਦੇ ਲਗ ਭਗ ਸਨ ਭਿੰਨ-ਭਿੰਨ ਔਪਰੇਸ਼ਨਾਂ ਤੋਂ ਬਾਅਦ ਰਾਜ਼ੀ ਹੋ ਰਹੇ ਸਨ। ਇਕ ਦੀ ਕੱਟੀ ਹੋਈ ਉਂਗਲ ਜੋੜੀ ਗਈ ਸੀ, ਦੂਸਰੀ ਦਾ ਖੱਬਾ ਅੰਗੂਠਾ ਪੱਬ ਨਾਲ ਜੋੜਿਆ ਗਿਆ ਸੀ ਜੋ ਕਿ ਏਨਾ ਖ਼ਰਾਬ ਹੋ ਚੁੱਕਾ ਸੀ ਕਿ ਦੁਬਾਰਾ ਨਹੀਂ ਕੰਮ ਕਰ ਸਕਦਾ ਸੀ। ਅਤੇ ਤੀਸਰੇ ਦੀ ਸੱਜੀ ਬਾਂਹ ਮੁੜ ਜੋੜੀ ਗਈ ਸੀ ਜਿਸ ਨੂੰ ਟਿਊਮਰ (ਫੋੜਾ) ਕੱਢਣ ਲਈ ਕਟਿਆ ਗਿਆ ਸੀ। ਸਮਾਜਵਾਦੀ ਸਮਾਜ ਦੀ ਉਸਾਰੀ ਵਜੋਂ ਅਜਿਹੇ ਔਪਰੇਸ਼ਨ ਚੀਨ ਦੇ ਕਈ ਹਸਪਤਾਲਾਂ ਵਿਚ ਕੀਤੇ ਜਾਂਦੇ ਹਨ।

ਸਾਡੇ ਟੋਲੇ ਦੇ ਸਰਜਨ ਇਹ ਤਾਂ ਨਹੀਂ ਸਨ ਮੰਨਦੇ ਕਿ ਇਹ ਚੀਰ ਫਾੜ ਦੇ ਲਿਹਾਜ਼ ਨਾਲ ਕੋਈ ਔਖੀ ਪ੍ਰਾਪਤੀ ਸੀ। ਪਰ ਸਾਡੇ ਗਰੁਪ ਦੇ ਡਾਕਟਰ ਸਮਿਟ ਨੇ ਕਿਹਾ, 'ਇਸ ਵਿਚ ਵੀ ਕੀ ਲੁਕਾ ਹੈ ਕਿ ਕਨੇਡਾ ਵਿਚ ਮਜ਼ਦੂਰ ਦੀ ਉਂਗਲ ਦੀ ਕੌਣ ਪ੍ਰਵਾਹ ਕਰਦਾ ਹੈ ? ਵੈਨਕੋਵਰ ਦੇ ਹਸਪਤਾਲ ਵਿਚ ਇਕ ਉਂਗਲ ਨੂੰ ਜੋੜਨ ਦਾ ਖ਼ਰਚ ਇਕ ਲੱਖ ਡਾਲਰ ਹੈ, ਅਤੇ ਇਹ ਸਿਰਫ਼ ਸਰਜਨਾਂ ਦੀ ਫ਼ੀਸ ਹੀ ਹੁੰਦੀ ਹੈ। ਕਿਹੜੀ ਕੰਪਨੀ ਹੈ ਜੋ ਇਕ ਗ਼ਰੀਬ ਕਾਮੇ ਦੀਆਂ ਉਂਗਲਾਂ ਦਾ ਬੀਮਾ ਕਰਨ ਲਈ ਤਿਆਰ ਹੋਵੇ।

"ਸਭਿਆਚਾਰਕ ਇਨਕਲਾਬ" ਦੇ ਦੌਰਾਨ "ਰੈੱਡ ਅਤੇ ਐਕਸਪਰਟ" ਦੀ ਧਾਰਨਾ ਸਮਾਜਿਕ ਗੁਣ ਦੇ ਤੌਰ ਤੇ ਸਾਹਮਣੇ ਆਈ ਸੀ। ਇਸ ਕਹਾਵਤ ਦਾ ਮਤਲਬ ਸੀ ਕਿ ਇਕ ਮਨੁੱਖ ਨੂੰ ਇਕ ਹੀ ਸਮੇਂ ਤੇ ਚੰਗਾ ਕਮਿਊਨਿਸਟ ਅਤੇ ਨਿਪੁੰਨ ਇਨਸਾਨ ਹੋਣਾ ਚਾਹੀਦਾ ਹੈ। ਅਤੇ 'ਸਿਆਸਤ' ਹਮੇਸ਼ਾ ਕਾਬੂ ਵਿਚ ਰਖਣੀ ਚਾਹੀਦੀ ਹੈ। ਉਸ ਦੀ ਨਿਪੁੰਨਤਾ,

ਗਿਆਨ ਅਤੇ ਤਜਰਬਾ ਸਿਰਫ ਕੁਝ ਖ਼ਾਸ ਲੋਕਾਂ ਦੀ ਉੱਨਤੀ ਲਈ ਜਾਂ ਆਪਣੀ ਸ਼ਾਨ ਲਈ ਹੀ ਨਹੀਂ ਬਲਕਿ ਸਾਰੇ ਲੋਕਾਂ ਦੀ ਭਲਾਈ ਲਈ ਵਰਤੇ ਜਾਣੇ ਚਾਹੀਦੇ ਹਨ। ਇਸ ਦਾ ਭਾਵ ਇਹ ਵੀ ਸੀ ਕਿ ਨਿਰਾ ਗਿਆਨ ਹੀ ਨਹੀਂ ਹੋਣਾ ਚਾਹੀਦਾ ਜੋ ਕੇਵਲ ਗਿਆਨ ਦੀ ਖ਼ਾਤਿਰ ਹੀ ਹੋਵੇ ਜਾਂ ਫਿਰ 'ਕਲਾ ਸਿਰਫ਼ ਕਲਾ ਦੀ ਖ਼ਾਤਿਰ'।

'ਲੋਕਾਂ ਦੀ ਸੇਵਾ' ਇਕ ਅਜਿਹਾ ਨਾਹਰਾ ਹੈ ਜਿਸ ਦਾ ਪ੍ਰਗਟਾਅ ਚੀਨ ਵਿਚ ਹਰ ਪਾਸੇ ਇਸ ਤਰ੍ਹਾਂ ਹੋ ਰਿਹਾ ਹੈ ਜਿਵੇਂ ਹੋਰਨਾਂ ਥਾਵਾਂ ਤੇ ਸਿਗਰਟ ਜਾਂ ਕੋਕਾ ਕੋਲਾ ਦੀ ਇਸ਼ਤਿਹਾਰ ਬਾਜ਼ੀ। ਦਰਸ਼ਕਾਂ ਦੇ ਤੌਰ ਤੇ ਅਸੀਂ ਉਨ੍ਹਾਂ ਇਤਿਹਾਸਕ ਨਿੱਜੀ ਅਤੇ ਸਰੀਰਕ ਮੁਸ਼ਕਲਾਂ ਦੀ ਸਿਰਫ ਕਲਪਨਾ ਹੀ ਕਰ ਸਕਦੇ ਸੀ। ਜੋ ਚੀਨੀ ਲੋਕਾਂ ਦੇ ਰਾਹ ਵਿਚ ਆਈਆਂ ਹੋਣਗੀਆਂ ਜਦੋਂ ਉਨ੍ਹਾਂ ਨੇ ਇਸ ਨਾਹਰੇ ਨੂੰ ਸਿਰਫ਼ ਸਮਾਜਿਕ ਅਸੂਲ ਹੀ ਨਹੀਂ ਬਲਕਿ ਹੌਲੀ ਹੌਲੀ ਨਿੱਜੀ ਨੈਤਿਕਤਾ ਦਾ ਹਿੱਸਾ ਵੀ ਬਣਾਇਆ ਹੋਵੇਗਾ।

ਇਸ ਗੁਣ ਦੀ ਸਪੱਸ਼ਟਤਾ ਜੁਰਮ ਦੇ ਖੇਤਰ ਤੋਂ ਹੋ ਜਾਂਦੀ ਹੈ—ਜੋ ਕਿ ਉਥੇ ਸਾਰੀ ਦੁਨੀਆਂ ਨਾਲੋਂ ਸਭ ਤੋਂ ਘਟ ਹੁੰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਨਿੱਜੀ ਜਾਇਦਾਦ ਦਾ ਨਾ ਹੋਣਾ ਹੈ।

ਦੋਸ਼ੀ ਨੂੰ ਸੁਧਾਰਣ ਦਾ ਨਵਾਂ ਢੰਗ ਉਸ ਨੂੰ ਸਮਾਜ ਤੋਂ ਵਖਰਿਆਂ ਕਰ ਦੇਣਾ ਜਾਂ ਸਜ਼ਾ ਦੇਣਾ ਨਹੀਂ ਹੈ। ਬਲਕਿ ਉਸ ਨੂੰ ਮੁੜ ਤੋਂ ਸਿਖਿਆ ਦੇਣਾ ਹੈ। ਸਵੈ-ਪੜਚੋਲ ਜੁਰਮ ਦਾ ਇਕਬਾਲ, ਵਿਸ਼ਲੇਸ਼ਨ ਅਤੇ ਮੁਆਫ਼ੀ, ਲੋਕਾਂ ਵਲੋਂ ਆਲੋਚਨਾ, ਅਤੇ ਨਵੇਂ ਸਿਰਿਉਂ ਸਿਖਿਆ ਦੇਣ ਵਰਗੀਆਂ ਨਵੀਆਂ ਧਾਰਨਾਵਾਂ ਨੂੰ ਅਪਨਾ ਕੇ ਚੀਨ ਇਕ ਰਾਜ ਦੀ ਹੀ ਨਹੀਂ ਬਲਕਿ ਇਕ ਪਰੰਪਰਾਵਾਦੀ ਸਮਾਜ ਦੀ ਸਥਾਪਨਾ ਕਰ ਰਿਹਾ ਹੈ ਜਿਸ ਵਿਚ ਲੁੱਟ-ਖਸੁਟ ਕਰਨ ਵਾਲੇ ਤੱਤਾਂ ਦੀ ਕੋਈ ਥਾਂ ਨਹੀਂ। ਇੰਜ ਪ੍ਰਤੀਤ ਹੁੰਦਾ ਹੈ ਕਿ ਇਹ ਸਮਾਜ ਆਪਣੇ ਮੈਂਬਰਾਂ ਤੇ ਇਕ ਤਰ੍ਹਾਂ ਦਾ ਨੈਤਿਕ ਬੰਧਨ ਬੰਨ੍ਹਦਾ ਹੈ ਜੋ ਕਿ ਪੁਲਸ ਅਤੇ ਅਦਾਲਤਾਂ ਵਰਗੀਆਂ ਬਾਹਰਲੀਆਂ ਸੰਸਥਾਵਾਂ ਵੀ ਨਹੀਂ ਬਨਣ ਸਕਦੀਆਂ।

## ਅਫ਼ਸਰਸ਼ਾਹੀ ਨਹੀਂ

ਇਹ ਕਹਾਣੀਆਂ ਕਿ ਚੀਨ ਵਿਚ ਲੋਕਾਂ ਦੇ ਟੋਲਿਆਂ ਨੂੰ ਸੁਧਾਰ ਕਰਨ ਵਾਲੇ ਕੈਂਪਾਂ ਵਿਚ ਭੇਜਿਆ ਜਾਂਦਾ ਹੈ ਜਾਂ ਉਨ੍ਹਾਂ ਨੂੰ ਬੰਦੂਕ ਦੇ ਡਰ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ—ਗ਼ਲਤ ਹਨ ਅਤੇ ਵਧਾ ਚੜ੍ਹਾ ਕੇ ਦਸੀਆਂ ਗਈਆਂ ਹਨ। ਤਿੰਨ ਹਫ਼ਤਿਆਂ ਦੌਰਾਨ, ਅਸੀਂ ਕਦੇ ਕਿਸੇ ਚੀਨੀ ਨੂੰ ਇਕ ਦੂਸਰੇ ਨਾਲ ਝਗੜਦਿਆਂ, ਬੁਰਾ ਭਲਾ ਕਹਿੰਦਿਆਂ ਜਾਂ ਰੋਅਬ ਪਾਉਂਦਿਆਂ ਨਹੀਂ ਦੇਖਿਆ।

ਅਸੀਂ ਚੀਨ ਵਿਚ ਕਿਤੇ ਵੀ ਪੁਲੀਸ ਨਹੀਂ ਦੇਖੀ। ਸ਼ਹਿਰਾਂ ਵਿਚ ਕੁਝ ਚੌਰਸਤਿਆਂ ਤੇ ਕੁਝ ਟਰੈਫਿਕ ਕੰਟਰੋਲ ਕਰਨ ਵਾਲੇ ਕਰਮਚਾਰੀ ਤਾਂ ਸਨ, ਪਰ ਕੋਈ ਪੁਲਿਸ ਨਹੀਂ ਸੀ। ਸਾਨੂੰ ਇੰਜ ਲਗਾ ਜਿਵੇਂ ਉਥੇ ਜਾਂ ਤਾਂ ਚਿੱਟੇ ਕਪੜਿਆਂ ਵਿਚ ਪੁਲਿਸ ਸੀ ਜਾਂ ਫਿਰ ਸਤਾ ਦਾ ਅਜਿਹਾ ਡਰ ਸੀ ਕਿ ਕੋਈ ਕਿਸੇ ਕਿਸਮ ਦੀ ਉਲੰਘਣਾ ਕਰਨ ਦੀ ਜੁਰਅੱਤ ਹੀ ਨਹੀਂ ਕਰਦਾ ਸੀ। ਪਰ ਇਨ੍ਹਾਂ ਦੋਹਾਂ ਗੱਲਾਂ ਵਿਚੋਂ ਕੋਈ ਵੀ ਸਚੀ ਨਹੀਂ ਜਾਪਦੀ ਸੀ। ਕਿਉਂਕਿ ਅਸੀਂ ਚੀਨੀ ਲੋਕਾਂ ਨੂੰ ਬੜੇ ਹੀ ਸੁਭਾਵਕ ਅਤੇ ਚੰਗੇ ਢੰਗ ਨਾਲ ਇਕ ਦੂਸਰੇ ਨਾਲ ਗੱਲਾਂ ਕਰਦਿਆਂ। ਵੇਖਿਆ ਉਹ ਹਮੇਸ਼ਾ ਮਿੱਠਾ ਬੋਲਦੇ ਸਨ—ਸਿਰਫ਼ ਸਾਡੇ ਲਈ ਹੀ ਨਹੀਂ ਸਗੋਂ ਆਪਸ ਵਿਚ ਵੀ, ਪਰ ਫਿਰ ਵੀ ਕੋਈ ਕਿਸੇ ਤੋਂ ਹੀਣਾ ਜਾ ਛੋਟਾ ਨਹੀਂ ਸੀ।

## ਪੁਲਿਸ ਦੀ ਕੋਈ ਲੋੜ ਨਹੀਂ

ਉਥੇ ਪਹੁੰਚਣ ਤੋਂ ਬਾਅਦ ਤੀਸਰੇ ਦਿਨ ਅਸੀਂ ਚੀਨ ਦੀ ਵੱਡੀ ਦੀਵਾਰ (ਗਰੇਟ ਵਾਲ) ਵੇਖਣ ਲਈ ਗਏ। ਚਾਹੇ ਉਥੇ ਹਜ਼ਾਰਾਂ ਦਰਸ਼ਕ ਸਨ, ਪਰ ਫਿਰ ਵੀ ਉਥੇ ਕੋਈ ਪੁਲਿਸ ਨਹੀਂ ਸੀ। ਮੈਂ ਆਪਣੀ ਇਕ ਗਾਈਡ ਨੂੰ ਇਸ ਦਾ ਕਾਰਨ ਪੁਛਿਆ ਤਾਂ ਉਸ ਕਿਹਾ: 'ਕਿਉਂ ਇਥੇ ਪੁਲਿਸ ਦੀ ਕੀ ਲੋੜ ਹੈ?''

''ਇਸ ਲਈ ਕਿ ਜੇ ਇਥੇ ਕੋਈ ਦੁਰਘਟਨਾ ਵਾਪਰ ਜਾਵੇ—?''

''ਜੇਕਰ ਦੁਰਘਟਨਾ ਹੋ ਜਾਵੇ ਤਾਂ ਇਥੇ ਸੈਂਕੜੇ ਲੋਕ ਹੈਨ ਤਾਂ ਨਹੀਂ। ਉਹ ਅਸਾਨੀ ਨਾਲ ਜ਼ਖ਼ਮੀ ਨੂੰ ਹੇਠਾਂ ਲਿਜਾ ਸਕਦੇ ਹਨ ਅਤੇ ਐਂਬੂਲੈਂਸ ਬੁਲਾ ਸਕਦੇ ਹਨ।''

''ਪਰ ਜੇ ਕੋਈ ਝਗੜਾ ਹੋ ਜਾਵੇ ਤਾਂ—?''

''ਉਹ ਲੜਨਗੇ ਕਿਸ ਗੱਲ ਤੇ?'' ਉਸ ਪੁੱਛਿਆ, ''ਜੇਕਰ ਲੜ ਵੀ ਪਏ ਤਾਂ ਦੂਸਰੇ ਉਨ੍ਹਾਂ ਨੂੰ ਸ਼ਾਂਤ ਕਰਨ ਵਿਚ ਜ਼ਰੂਰ ਸਹਾਇਤਾ ਕਰਨਗੇ।''

ਚਾਹੇ ਇਹ ਸਭ ਗੱਲਾਂ ਇੰਨੀਆਂ ਸਿਧੀਆਂ ਅਤੇ ਸਮਝਣ ਯੋਗ ਸਨ, ਪਰ ਫਿਰ ਵੀ ਉੱਤਰੀ ਅਮਰੀਕਾ ਵਿਚ ਲੰਬੀ ਠਹਿਰ ਕਾਰਨ ਬਣਿਆ ਵਿਚਾਰ ਇਸ ਸਫ਼ਾਈ ਨੂੰ ਮੰਨਣ ਤੋਂ ਇਨਕਾਰੀ ਸੀ।

''ਜੇਕਰ ਕੋਈ ਕੰਧ ਨੂੰ ਨੁਕਸਾਨ ਪਹੁੰਚਾਵੇ ਤਾਂ?''

''ਫਿਰ ਅਸੀਂ ਸਾਰੇ ਇਸ ਦੀ ਰੱਖਿਆ ਕਰਾਂਗੇ'', ਉਸ ਨੇ ਮਾਣ ਨਾਲ ਕਿਹਾ। ''ਚੀਨ ਵਿਚ ਅਸੀਂ ਸਾਰੇ ਸਿਪਾਹੀ ਹਾਂ—ਸਾਰੇ ਹੀ ਪੁਲਿਸ ਮੈਨ ਅਤੇ ਆਪਣੇ ਦੇਸ਼ ਨੂੰ ਇਨਕਲਾਬ ਵਿਰੋਧੀ ਘਟਨਾਵਾਂ ਤੋਂ ਬਚਾਉਂਦੇ ਹਾਂ।''

ਇਹ ਅਜਿਹਾ ਦੇਸ ਸੀ ਜਿਥੇ ਕੋਈ ਵੀ ਚੋਰੀ ਜਾਂ ਜੁਰਮ ਦੇ ਡਰ ਤੋਂ ਬਿਨਾਂ ਘੁੰਮ ਸਕਦਾ ਸੀ। ਹੋਟਲਾਂ ਵਿਚ ਅਸੀਂ ਕਦੇ ਆਪਣੇ ਕਮਰਿਆਂ ਨੂੰ ਤਾਲੇ ਨਹੀਂ ਸਨ ਲਗਾਏ-ਅਸਲ ਵਿਚ ਉਨ੍ਹਾਂ ਦੀਆਂ ਚਾਬੀਆਂ ਹੀ ਨਹੀਂ ਸਨ! ਦੁਨੀਆਂ ਵਿਚ ਹੋਰ ਕਿਤੇ ਵੀ ਸਾਨੂੰ ਡਰ ਹੁੰਦਾ ਹੈ ਕਿ ਕਿਤੇ ਸਾਨੂੰ ਪੈਸੇ ਵਟਾਉਣ ਲਗਿਆਂ ਘਟ ਨਾ ਮਿਲ ਜਾਣ, ਜਾਂ ਸਾਥੋਂ ਵਧ ਮੁੱਲ ਨਾ ਲੈ ਲਿਆ ਜਾਵੇ ਜਾਂ ਫਿਰ ਕੋਈ ਸਾਨੂੰ ਲੁੱਟ ਹੀ ਨਾ ਲਵੇ। ਪਰ ਚੀਨ ਵਿਚ ਅਸੀਂ ਆਪਣੇ ਕੈਮਰੇ ਅਤੇ ਪੈਸੇ ਖੁਲ੍ਹੇ ਕਮਰਿਆਂ ਵਿਚ ਹੀ ਛੱਡ ਜਾਂਦੇ ਸੀ। ਜਲਦੀ ਹੀ ਸਾਡੇ ਟੋਲੇ ਵਿਚ ਇਹ ਮਜ਼ਾਕ ਹੋਣ ਲਗਾ ਕਿ ਸਾਨੂੰ ਚੀਨੀ ਬੈਰਿਆਂ ਜਾਂ ਨੌਕਰਾਂ ਤੋਂ ਜ਼ਿਆਦਾ ਆਪਣੇ ਸਾਥੀਆਂ ਤੋਂ ਬਚਾਅ ਰਖਣਾ ਚਾਹੀਦਾ ਹੈ।

ਫਿਰ ਵੀ ਪੀਕਿੰਗ ਹੀ ਇਕ ਅਜਿਹਾ ਸ਼ਹਿਰ ਸੀ ਜਿਥੇ ਸਾਨੂੰ ਤਾਲੇ ਦਿਤੇ ਗਏ ਅਤੇ ਆਪਣੇ ਕਮਰੇ ਬੰਦ ਕਰਨ ਦੀ ਸਲਾਹ ਦਿੱਤੀ ਗਈ। ਵੂ ਨੇ ਕਿਹਾ, ''ਤੁਹਾਨੂੰ ਪਤਾ ਹੈ, ਹਰ ਜਗ੍ਹਾ ਦੇ ਆਪਣੇ ਆਪਣੇ ਰਿਵਾਜ ਹੁੰਦੇ ਹਨ। ਪੀਕਿੰਗ ਬਹੁਤ ਵਡਾ ਸ਼ਹਿਰ ਹੈ। ਇਥੇ ਕਮਰਿਆਂ ਨੂੰ ਤਾਲੇ ਲਾ ਦੇਣਾ ਠੀਕ ਹੈ, ਕਿਉਂਕਿ ਇਥੇ ਬਹੁਤ ਸਾਰੇ ਵਿਦੇਸ਼ੀ ਲੋਕ ਹਨ।''

ਮੈਨੂੰ ਜਾਪਿਆ ਕਿ ਚੀਨ ਦੀਆਂ ਜ਼ਿਆਦਾ ਤਬਦੀਲੀਆਂ ਭੌਤਿਕ ਨਹੀਂ ਬਲਕਿ ਰੂਹਾਨੀ ਹਨ। ਇਹ ਨਵੀਂ ਚੇਤਨਾ ਦੇ ਜਨਮ ਨੂੰ ਦਰਸਾਉਂਦੀਆਂ ਹਨ। ਜੇਕਰ ਕੋਈ ਸਨਕੀ ਹੋਵੇ ਅਤੇ ਇਨ੍ਹਾਂ ਤਬਦੀਲੀਆਂ ਨੂੰ ਦੇਖਣ ਤੋਂ ਮੁਨਕਰ ਹੀ ਹੋਵੇ ਤਾਂ ਹੋ ਸਕਦਾ ਹੈ ਕਿ ਇਹ ਉਸ ਨੂੰ ਸਮਝ ਵੀ ਨਾ ਆ ਸਕਣ।

ਸਾਡੇ ਟੋਲੇ ਵਿਚੋਂ ਇਕ ਮਨੋਵਿਗਿਆਨੀ ਨੇ ਜਾਂਚਿਆ ਕਿ ਸਾਰੇ ਸਮਾਜਾਂ ਵਿਚ ਸਕੂਲਾਂ ਅਤੇ ਮੰਦਰਾਂ ਵਿਚ ਦਸੇ ਜਾਣ ਵਾਲੇ ਅਸੂਲਾਂ ਅਤੇ ਅਸਲ ਦੁਨੀਆਂ ਵਿਚ ਹੋਣ ਵਾਲੇ ਕਾਰਨਾਮਿਆਂ ਵਿਚ ਇਕ ਵੱਡਾ ਅੰਤਰ ਹੁੰਦਾ ਹੈ। ''ਏਸ ਵਡੇ ਪੈਮਾਨੇ ਦੀ ਬਗਲਾ ਭਗਤੀ ਨੂੰ ਵੇਖ ਕੇ ਇਨਸਾਨ ਜਜ਼ਬਾਤੀ ਅਤੇ ਰੂਹਾਨੀ ਦਾਗਾਂ ਤੋਂ ਕਿਵੇਂ ਬਚ ਸਕਦਾ ਹੈ। ਉਹ ਸਨਕੀ ਉਦਾਸੀਨ ਅਤੇ ਵਹਿਮੀ ਕਿਵੇਂ ਨਾ ਹੋਵੇ?'' ਇਉਂ ਲਗਦਾ ਹੈ ਚੀਨ ਵਿਚ ਨੈਤਿਕ ਵਿਚ ਦੁਰਾਚਾਰਾਂ ਹੇਠ ਦਬੀਆ ਹੋਈਆਂ ਸਮਾਜਕ ਅਤੇ ਆਰਥਿਕ ਈਰਖਾਵਾਂ ਜਲਦੀ ਖ਼ਤਮ ਹੋ ਰਹੀਆਂ ਹਨ।

ਚੀਨ ਦੇ ਲੋਕਾਂ ਦੀ ਦਿਮਾਗ਼ੀ ਸਿਹਤ ਵੀ ਦੁਨੀਆਂ ਵਿਚ ਸਭ ਤੋਂ ਘਟ ਬੇਚੈਨੀ ਦਾ ਸ਼ਿਕਾਰ ਹੈ, ਅਤੇ ਅਲਸਰ ਵਰਗੀਆਂ ਮਨੋਵਿਗਿਆਨਕ ਬੀਮਾਰੀਆਂ ਵੀ ਘਟ ਹੀ ਨਜ਼ਰ ਪੈਂਦੀਆਂ ਹਨ। ਡਰ, ਨਾਕਾਮੀ (ਨਿਰਾਸ) ਜਾਂ ਜਜ਼ਬਾਤੀ

ਦਬਾਅ ਦੇ ਆਸਾਰ ਚੀਨ ਵਿਚ ਨਹੀਂ ਦਿਸਦੇ ਚਾਹੇ ਹੋਰਨਾਂ ਦੇਸ਼ਾਂ ਵਿਚ ਇਹ ਇਨੀ ਮਾਤਰਾ ਵਿਚ ਹਨ ।

ਚੀਨ ਦੀ ਜ਼ਿੰਦਗੀ 'ਰੇਟ ਰੇਸ' ਨਹੀਂ ਸਗੋਂ ਰੀਲੇਅ ਰੇਸ ਦੀ ਤਰ੍ਹਾਂ ਹੈ । ਉਥੇ ਹਰ ਪਾਸੇ, ਹਰ ਵਕਤ ਇਸ ਟੀਮ ਦੀ ਭਾਵਨਾ ਮਹਿਸੂਸ ਕੀਤੀ ਜਾ ਸਕਦੀ ਹੈ । ਇਸ ਟੀਮ ਵਿਚ ਤਾਕਤ ਦੀ ਇਕੋ ਜਿਹੀ ਵੰਡ ਹੁੰਦੀ ਹੈ । ਉਚੀ ਨੀਵੀਂ ਪਦਵੀ ਦਾ ਫ਼ਰਕ ਬਹੁਤ ਘਟ ਹੈ । ਟੀਮ ਹਰ ਵਿਅਕਤੀ ਤੇ ਅਪਾਰ ਵਿਸ਼ਵਾਸ ਰਖਦੀ ਹੈ ਅਤੇ ਹਰੇਕ ਤੇ ਇਕ ਤਰ੍ਹਾਂ ਨੈਤਿਕ ਪ੍ਰਭਾਵ ਪਾਉਂਦੀ ਹੈ । ਇਸ ਤਰ੍ਹਾਂ ਨਿੱਜੀ ਅਤੇ ਸਾਂਝੀਆਂ ਜ਼ਿੰਮੇਂਵਾਰੀਆਂ ਦਾ ਮਿਸ਼ਰਣ ਪੈਦਾ ਕਰਦੀ ਹੈ ।

## ਹੜਤਾਲਾਂ ਕਿਉਂ ਨਹੀਂ ?

ਰੇਂਗ ਚੋ ਦੀ ਫ਼ੈਕਟਰੀ ਵੇਖਣ ਤੇ ਸਾਡੇ ਟੋਲੇ ਵਿਚੋਂ ਇਕ ਨੇ ਕਿਹਾ, "ਕਨੇਡਾ ਅਤੇ ਅਮਰੀਕਾ ਵਿਚ ਸਾਡੇ ਕਾਰਖਾਨਿਆਂ ਵਿਚ ਮਜ਼ਦੂਰ ਕਾਫ਼ੀ ਪ੍ਰਭਾਵ ਰਖਦੇ ਹਨ ਕਿਉਂਕਿ ਉਨ੍ਹਾਂ ਦੀਆਂ ਯੂਨੀਅਨਾ ਬਣੀਆਂ ਹੋਈਆਂ ਹਨ ਅਤੇ ਉਨ੍ਹਾਂ ਨੂੰ ਹੜਤਾਲਾਂ ਕਰਨ ਦੀ ਆਜ਼ਾਦੀ ਹੈ । ਤੁਹਾਡਾ ਦੇਸ਼ ਕਮਿਊਨਿਸਟ ਦੇਸ ਹੈ ਫਿਰ ਵੀ ਮਜ਼ਦੂਰਾਂ ਨੂੰ ਹੜਤਾਲ ਕਰਨ ਦੀ ਆਜ਼ਾਦੀ ਨਹੀਂ ਹੈ । ਅਜਿਹਾ ਕਿਉਂ ਹੈ ?"

"ਸਾਡੀ ਪ੍ਰਣਾਲੀ ਤੁਹਾਡੇ ਤੋਂ ਵਖਰੀ ਹੈ" ਇਕ ਮਜ਼ਦੂਰ ਨੇ ਕਿਹਾ ਜੋ ਸਾਨੂੰ ਕਾਰਖਾਨੇ ਦਾ ਆਲਾ ਦੁਆਲਾ ਦਿਖਾ ਰਿਹਾ ਸੀ । "ਤੁਹਾਡੇ ਦੇਸ਼ ਵਿਚ, ਮਜ਼ਦੂਰ ਹੜਤਾਲ ਕਰਦੇ ਹਨ, ਪਰ ਮੈਨੇਜਮੈਂਟ (ਪ੍ਰਬੰਧ ਕਰਤਾ) ਨਹੀਂ ਕਿਉਂਕਿ ਇਹ ਦੋ ਅਲਗ ਚੀਜ਼ਾਂ ਹਨ । ਪਰ ਅਸੀਂ ਖ਼ੁਦ ਹੀ ਕਾਰਖ਼ਾਨੇ ਦੇ ਮਜ਼ਦੂਰ ਵੀ ਹਾਂ ਤੇ ਮਾਲਕ ਵੀ । ਅਸੀਂ ਇਕ 'ਇਨਕਲਾਬੀ ਕਮੇਟੀ' ਚੁਣ ਕੇ ਖ਼ੁਦ ਹੀ ਕਾਰਖ਼ਾਨੇ ਦਾ-ਪ੍ਰਬੰਧ ਕਰਦੇ ਹਾਂ । ਕਮੇਟੀ ਦੇ ਮੈਂਬਰ ਆਪਣੇ ਵਕਤ ਦਾ ੨੫ ਪ੍ਰਤੀਸ਼ਤ ਤੋਂ ਵਧ ਹਿਸਾ ਪ੍ਰਬੰਧ ਕਰਨ ਤੇ ਨਹੀਂ ਲਗਾਉਂਦੇ । ਬਾਕੀ ਦਾ ਸਮਾਂ ਉਹ ਮਜ਼ਦੂਰੀ ਕਰਦੇ ਹਨ । ਸੋ ਅਸੀਂ ਹੜਤਾਲ ਭਲਾਂ ਕਿਸ ਵਿਰੁਧ ਕਰਨੀ ਹੈ ?

ਚੀਨ ਵਿਚ ਤਾਂ ਕਿਸੇ ਇਤਿਹਾਸਕ ਯਾਦਗਾਰ ਦੀ ਯਾਤਰਾ ਵੀ 'ਮਾਰਕਸਿਜ਼ਮ' ਦੇ ਉਪਦੇਸ਼ ਤੋਂ ਖ਼ਾਲੀ ਨਹੀਂ ਹੈ । ਬੁੱਧ ਧਰਮ ਦੇ ਸਤੰਭ, ਗੁਫ਼ਾਵਾਂ ਅਤੇ ਮਹਿਲਾਂ ਨੂੰ ਬੜੇ ਚੰਗੇ ਢੰਗ ਨਾਲ ਕਾਇਮ ਰਖਿਆ ਗਿਆ ਹੈ । ਪਰ ਦੁਨੀਆਂ ਦੀ ਕਿਸੇ ਹੋਰ ਜਗ੍ਹਾ ਦੀ ਤਰ੍ਹਾਂ ਇਥੇ ਇਨ੍ਹਾਂ ਨੂੰ ਰਾਜੇ-ਮਹਾਰਾਜਿਆਂ ਜਾਂ ਭਿਖਸ਼ੂਆਂ ਦੀਆਂ ਕਰਾਮਾਤਾਂ ਨਾ ਸਮਝ ਕੇ ਕਾਮਿਆਂ ਦੀਆਂ ਰਚਨਾਵਾਂ ਸਮਝਿਆ ਜਾਂਦਾ ਹੈ । ਇਸ ਗੱਲ ਦੇ ਪਿਛੇ ਜੋ ਵਿਚਾਰਧਾਰਾ ਛੁਪੀ ਹੋਈ ਹੈ ਉਹ ਇਹ ਹੈ ਕਿ ਜੇਕਰ ਉਹ ਲੋਕ ਏਡੀਆਂ ਸ਼ਾਨਦਾਰ ਇਮਾਰਤਾਂ ਖੜੀਆਂ ਕਰ ਸਕਦੇ ਸਨ ਤਾਂ ਉਹ ਵਿਚਾਰੇ ਖ਼ੁਦ ਭੁੱਖੇ ਅਤੇ ਦੁਖੀ ਕਿਉਂ ਸਨ । ਇਕ ਸਮਾਜਵਾਦੀ ਦੇਸ਼ ਵਿਚ ਉਹ ਜ਼ਰੂਰ ਹੀ ਆਪਣੇ ਆਪ ਲਈ ਕੁਝ ਵਧੀਆ ਉਸਾਰ ਸਕਦੇ ਸਨ ।

ਪੀਕਿੰਗ ਦੇ ਮਿੰਗ ਟੋਮਸ ਕੁਝ ਵਿਸ਼ਾਲ ਇਮਾਰਤਾਂ ਹਨ । ਅੰਦਰ ਜਾਂਦਿਆਂ ਅਸੀਂ ਹੇਠ ਲਿਖੇ ਸ਼ਬਦ ਚੀਨੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਲਿਖੇ ਵੇਖੇ ।

"ਇਹ ਮਕਬਰੇ ਉਦੋਂ ਬਣਾਏ ਗਏ ਸਨ ਜਦੋਂ ਲੱਖਾਂ ਲੋਕ ਭੁੱਖ ਤੋਂ ਦੁਖੀ ਸਨ । ਇਨ੍ਹਾਂ ਤੇ ਲਗੀ ਲਾਗਤ ਇਕ ਲੱਖ ਲੋਕਾਂ ਨੂੰ ਸਤਾਂ ਸਾਲਾਂ ਤਕ ਭੋਜਨ ਦੇ ਸਕਦੀ ਸੀ ।"

ਕਿਉਂਕਿ ਮੈਂ ਇਤਿਹਾਸ ਨੂੰ ਕਦੇ ਇਸ ਨਜ਼ਰ ਨਾਲ ਨਹੀਂ ਵੇਖਿਆ ਸੀ, ਪਰ ਇਨ੍ਹਾਂ ਸ਼ਬਦਾਂ ਨੇ ਮੈਨੂੰ ਬੀਤ ਚੁੱਕੇ ਨੂੰ ਕੁਝ ਵਖਰੀ ਤਰ੍ਹਾਂ ਵੇਖਣ ਤੇ ਮਜਬੂਰ ਕੀਤਾ ।

ਕਾਮਰੇਡ ਵੂ ਨੇ ਮੈਨੂੰ ਪੁਛਿਆ, "ਤਾਜ ਮਹਿਲ ਬਣਾਉਣ ਤੇ ਕਿੰਨਾ ਖ਼ਰਚ ਆਇਆ ਸੀ ?"

"ਮੈਨੂੰ ਪੱਕਾ ਪਤਾ ਨਹੀਂ', ਮੈਂ ਕਦੇ ਵੀ ਇਸ ਤਰ੍ਹਾਂ ਅੰਕੜਿਆਂ ਦੀ ਗਿਣਤੀ ਬਾਰੇ ਨਹੀਂ ਸੁਣਿਆ । ਮੇਰਾ ਖ਼ਿਆਲ ਹੈ ਕਿ ਭਾਰਤ ਵਿਚ ਮਹਾਂ-ਅਕਾਲ ਪਿਆ ਸੀ ਜਦੋਂ ਤਾਜ ਮਹਿਲ ਦੀ ਉਸਾਰੀ ਕੀਤੀ ਗਈ ਸੀ ।"

ਉਸ ਕਿਹਾ "ਦੁਨੀਆਂ ਦਾ ਇਤਿਹਾਸ ਜ਼ਿਆਦਾ ਭਿੰਨਤਾ ਨਹੀਂ ਰਖਦਾ ।"

ਉਥੇ ਨਰਸਰੀਆਂ ਅਤੇ ਸਕੂਲਾਂ ਵਿਚ ਇਤਿਹਾਸ ਦੀਆਂ ਅਜਿਹੀਆਂ ਨਵੀਆਂ ਵਿਆਖਿਆਵਾਂ ਵਿਦਿਆ ਦਾ ਹਿੱਸਾ ਹਨ । "ਅਸੀਂ ਕਾਮੇ ਬਣਨਾ ਚਾਹੁੰਦੇ ਹਾਂ, ਕਿਸਾਨ ਬਣਨਾ ਚਾਹੁੰਦੇ ਹਾਂ, ਸਿਪਾਹੀ ਬਣਨਾ ਚਾਹੁੰਦੇ ਹਾਂ"—ਇਕ ਗੀਤ ਸੀ ਜੋ ਲੋਇੰਗ ਦੇ ਇਕ ਸਕੂਲ ਦੇ ਬੱਚਿਆਂ ਨੇ ਸਾਨੂੰ ਗਾ ਕੇ ਸੁਣਾਇਆ ।

ਦੁਨੀਆਂ ਵਿਚ ਪੜ੍ਹਾਈ ਦੇ ਸਭ ਤੋਂ ਨੀਵੇਂ ਮਿਆਰ ਤੋਂ ਸ਼ੁਰੂ ਹੋ ਕੇ ਵੀ ਚੀਨ ਨੇ ੨੮ ਸਾਲਾਂ ਵਿਚ ੩੫ ਸਾਲ ਤੋਂ ਹੇਠਾਂ ਦੀ ਉਮਰ ਦੇ ਆਦਮੀਆਂ ਅਤੇ ਔਰਤਾਂ ਵਿਚ ਸੌ ਪ੍ਰਤੀਸ਼ਤ ਤਾਲੀਮ ਦਾ ਟੀਚਾ ਪ੍ਰਾਪਤ ਕਰ ਲਿਆ ਹੈ । ਪਰ ਕਾਲਜ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਦੀ ਗਿਣਤੀ ਦੂਜੇ ਦੇਸ਼ਾਂ ਨਾਲੋਂ ਕਿਤੇ ਘਟ ਹੈ ;

ਔਰਤਾਂ ਵਿਚ "ਫ਼ੈਸ਼ਨ ਪ੍ਰਸਤੀ ਦੀ ਘਾਟ ਬਹੁਤ ਜ਼ਿਆਦਾ ਦੇਖਣ ਵਿਚ ਆਉਂਦੀ ਹੈ—ਉਨ੍ਹਾਂ ਨੇ ਬੜੇ ਹੀ ਸਾਦੇ ਕਪੜੇ ਪਹਿਨੇ ਹੁੰਦੇ ਹਨ । ਚੀਨ ਬਾਰੇ ਮੇਰਾ ਪਹਿਲਾ ਪ੍ਰਭਾਵ ਇਹ ਸੀ ਕਿ ਉਥੇ ਨੌਜਵਾਨ ਔਰਤਾਂ ਦਾ ਹੀ ਬੋਲ-ਬਾਲਾ ਸੀ—ਉਹ ਹਰ ਪਾਸੇ ਨਜ਼ਰ ਆਉਂਦੀਆਂ ਹਨ ।

## ਚੀਨ ਵਿਚ ਚਿਕਸ ਨਹੀਂ ਸਗੋਂ ਫਲਾਵਰ ਹਨ

ਜਦੋਂ ਅਸੀਂ ਕੈਂਟਨ ਵਿਚ ਇਕ ਬਾਗ਼ ਵੇਖਣ ਗਏ ਤਾਂ ਸਾਡੇ ਟੋਲੇ ਲਈ ਇਕ ਕੁਰਸੀ ਘਟ ਸੀ । ਸਾਡੀ ੨੦ ਸਾਲਾ ਗਾਈਡ ਲੀ ਨੇ ੬੯ ਸਾਲਾ ਡਾ: ਵਾਈਟ ਨੂੰ ਕੁਰਸੀ ਪੇਸ਼ ਕਰਦਿਆਂ ਕਿਹਾ "ਬੁੱਢੇ ਆਦਮੀ ਲਈ ।" ਇੰਜ 'ਬੁੱਢਾ ਆਦਮੀ' ਕਹਿਣਾ ਉਥੋਂ ਦੀ ਸਭਿਅਤਾ ਵਿਚ ਸਨਮਾਨ ਦਾ ਪ੍ਰਤੀਕ ਹੈ । ਪਰ ਡਾ: ਵਾਈਟ ਨੇ ਇਸ ਨੂੰ ਇੰਜ ਨਾ ਲੈਂਦਿਆਂ ਕਿਹਾ, 'ਮੈਂ ਖੜੇ ਸਕਦਾ ਹਾਂ ਕੁਰਸੀ ਤੇਰੇ ਵਰਗੀ ਜਵਾਨ ਚਿਕਸ ਲਈ ਹੈ ।"

ਲੀ ਨੇ ਪੁੱਛਿਆ, "ਚਿਕਸ ਕੀ ਹੁੰਦੀ ਹੈ ?"

ਡਾ: ਵਾਈਟ ਨੇ ਚਮਕਦੀਆਂ ਅੱਖਾਂ ਨਾਲ ਜੁਆਬ ਦਿਤਾ, "ਤੈਨੂੰ ਪਤਾ ਨਹੀਂ ਅਸੀਂ ਕਨੇਡਾ ਵਿਚ ਜਵਾਨ ਲੜਕੀਆਂ ਨੂੰ ਚਿਕਸ ਕਹਿੰਦੇ ਹਾਂ ।"

"ਇਹ ਤੁਹਾਡੇ ਸਮਾਜ ਦਾ ਰਿਵਾਜ ਹੋਵੇਗਾ, ਪਰ ਸਾਡੇ ਚੀਨ ਵਿਚ ਲੜਕੀਆਂ ਨੂੰ 'ਚਿਕਸ' ਨਹੀਂ 'ਫ਼ਲਾਵਰਜ਼' ਕਿਹਾ ਜਾਂਦਾ ਹੈ ।" ਲੀ ਨੇ ਜੁਆਬ ਦਿਤਾ ।

ਅਸੀਂ ਇਹ ਜਾਣ ਕੇ ਬਹੁਤ ਹੈਰਾਨ ਹੋਏ ਕਿ ਚੀਨ ਵਿਚ ਉਪਭੋਗੀ (ਆਮ ਵਰਤੋਂ ਦੀਆਂ) ਵਸਤੂਆਂ ਜਿਵੇਂ ਬਿਜਲੀ, ਭੋਜਨ, ਕਪੜੇ, ਮਕਾਨਾਂ ਦੇ ਕਿਰਾਏ ਆਦਿ ਦੀਆਂ ਕੀਮਤਾਂ ੧੯੫੩ ਤੋਂ ਲੈ ਕੇ ਨਹੀਂ ਵਧੀਆਂ ਹਨ ਜਦੋਂ ਕਿ ਤਨਖ਼ਾਹਾਂ ਅਤੇ ਸਮਾਜਕ ਸੇਵਾਵਾਂ ਵਿਚ ਨਿਰੰਤਰ ਵਾਧਾ ਹੋਇਆ ਹੈ । ਇਸੇ ਦੌਰਾਨ ਹੋਰਨਾਂ ਦੇਸ਼ਾਂ ਵਿਚ ਕੀਮਤਾਂ ਕਈ ਪ੍ਰਤੀਸ਼ਤ ਵਧ ਗਈਆਂ ਹਨ—ਜਿਵੇਂ ਕਿ ਭਾਰਤ ਵਿਚ ੫੦੦ ਪ੍ਰਤੀਸ਼ਤ ।

## ਅਨੁਸ਼ਾਸ਼ਨ ਤੇ ਯੋਗਤਾ

ਚਾਹੇ ਗੱਡੀਆਂ ਵਿਚ ਹੋਈਏ ਜਾਂ ਪਿੰਡਾਂ ਵਿਚ ਪੂਰਨ ਅਨੁਸ਼ਾਸ਼ਨ ਅਤੇ ਯੋਗ ਰਾਜ ਪ੍ਰਬੰਧ (ਸਾਸ਼ਨ) ਦੀ ਹੋਂਦ ਹਰੇਕ ਨੂੰ ਪ੍ਰਭਾਵਿਤ ਕਰਦੀ ਹੈ । ਕੁਝ ਵੀ ਕੋਝੇ ਢੰਗ ਨਾਲ ਜਾਂ ਵਿਅਰਥ ਹੋ ਰਿਹਾ ਨਜ਼ਰੀਂ ਨਹੀਂ ਪੈਂਦਾ । ਜਦੋਂ ਸਾਡੇ ਕੋਲੋਂ ਹੋਰ ਸੁਧਾਰ ਬਾਰੇ ਰਾਏ ਪੁੱਛੀ ਗਈ ਤਾਂ ਸਾਨੂੰ ਕੋਈ ਸਲਾਹ ਦੇਣੀ ਬਹੁਤ ਮੁਸ਼ਕਿਲ ਜਾਪੀ ਜਿਸ ਨਾਲ ਪ੍ਰਚਲਤ ਪ੍ਰਣਾਲੀ ਵਿਚ ਸੁਧਾਰ ਹੋ ਸਕਦਾ ਸੀ ।

ਸਾਡੇ ਟੋਲੇ ਵਿਚੋਂ ਇਕ ਨੇ ਕਿਹਾ, "ਇਕ ਇਨਕਲਾਬੀ ਕਸਾਈ ਨਹੀਂ ਹੁੰਦਾ, ਉਹ ਇਕ ਸਰਜਨ ਵਾਂਗ ਹੈ ਜੋ ਬੀਮਾਰ ਅਤੇ ਨਾ ਰਾਜ਼ੀ ਹੋ ਸਕਣ ਵਾਲੇ ਅੰਗ ਨੂੰ ਕੱਟ ਦਿੰਦਾ ਹੈ, ਪਰ ਜੋ ਰਾਜ਼ੀ ਹੋ ਸਕਦਾ ਹੋਵੇ ਤਾਂ ਤੰਦਰੁਸਤ ਹੋਵੇ—ਉਸ ਨੂੰ ਉਹ ਬੜੇ ਧਿਆਨ ਨਾਲ ਟਾਂਕੇ ਲਾਉਂਦਾ ਹੈ । ਕਿਉਂਕਿ ਇਕ ਇਨਕਲਾਬੀ ਜ਼ਿੰਦਗੀ ਨੂੰ ਪਿਆਰ ਕਰਦਾ ਹੈ,

ਮੌਤ ਨੂੰ ਨਹੀਂ।

ਫਿਰ ਵੀ ਕੁਝ ਬਹੁਤ ਜ਼ਰੂਰੀ ਗੱਲਾਂ ਦੀ ਘਾਟ ਹੈ। ਅਖ਼ਬਾਰ ਨੀਰਸ ਅਤੇ ਹਾਕਮਾਨਾ ਜਿਹੇ ਨਜ਼ਰ ਆਉਂਦੇ ਹਨ। ਜਿੰਨੇ ਵੀ ਸਾਨੂੰ ਮਿਲੇ ਲਗ ਭਗ ਸਾਰੇ ਹੀ ਚੀਨ ਤੋਂ ਬਾਹਰਲੀ ਦੁਨੀਆਂ ਬਾਰੇ ਅਣਜਾਣ ਜਾਪਦੇ ਸਨ। ਜੋ ਥੀਏਟਰ ਅਤੇ ਫ਼ਿਲਮਾਂ ਅਸਾਂ ਵੇਖੀਆਂ ਉਹ ਤਕਨੀਕੀ ਲਿਹਾਜ਼ ਨਾਲ ਤਾਂ ਚੰਗੀਆਂ ਸਨ, ਪਰ ਵਿਸ਼ੇ ਦਾ ਖੇਤਰ ਬੜਾ ਹੀ ਸੌੜਾ ਅਤੇ ਅਕਾਊ ਸੀ। ਲੋਕ ਇਕ ਦੂਜੇ ਲਈ ਮਿੱਠ ਬੋਲੜੇ ਅਤੇ ਦਿਆਲੂ ਤਾਂ ਸਨ, ਪਰ ਉਨ੍ਹਾਂ ਵਿਚ ਕਦੇ ਗਲੀਆਂ ਦੇ ਮੋੜਾਂ ਤੇ ਜ਼ਿੰਦਾ ਦਿਲ ਬਹਿਸਾਂ ਜਾਂ ਗੀਤ ਸੰਗੀਤ ਦੇ ਦੌਰ ਨਹੀਂ ਲਗਦੇ।

ਮੈਨੂੰ ਦਸਿਆ ਗਿਆ ਹੈ ਕਿ ਹੇਠਲੇ ਸੱਤਰ ਤੇ—ਖੇਤਾਂ ਕਾਰਖ਼ਾਨਿਆਂ ਵਿਚ ਤਾਂ ਲੋਕ ਮੱਤ ਨਾਲ ਫ਼ੈਸਲੇ ਲੈਣ ਦਾ ਰਿਵਾਜ ਹੈ, ਪਰ ਇਹ ਸਮਝਣਾ ਔਖਾ ਹੈ ਕਿ ਇਹ ਵੱਡੇ ਪੈਮਾਨੇ ਤੇ ਕਿਵੇਂ ਸੰਭਵ ਹੈ। ਆਪਣੇ ੧੮ ਦਿਨਾਂ ਦੇ ਦੌਰੇ ਦੌਰਾਨ ਅਸੀਂ 'ਗੈਂਗ ਆਫ ਫ਼ੋਰ' ਦੇ ਬਣਨ ਅਤੇ ਟੁੱਟਣ ਬਾਰੇ ਕੁਝ ਨਹੀਂ ਜਾਣ ਸਕੇ।

੧੯੫੦ ਵਿਚ ਮਾਓ ਕਿਹਾ ਕਰਦਾ ਸੀ, "ਸੈਂਕੜੇ ਫੁੱਲ ਖਿੜਣ ਦਿਓ, ਅਤੇ ਸੈਂਕੜੇ ਤਰ੍ਹਾਂ ਦੇ ਵਿਚਾਰਾਂ ਦੇ ਸਕੂਲ ਬਣਨ ਦਿਓ।" ਪਰ ਅਸਾਂ ਇਸ ਜਜ਼ਬਾਤ ਨੂੰ ਅਧੂਰਾ ਹੀ ਵੇਖਿਆ। ਇਸ ਦੇ ਪੂਰਾ ਹੋਣ ਲਈ ਚੀਨ ਵਿਚ ਇਕ ਹੋਰ 'ਸਭਿਆਚਾਰਕ ਇਨਕਲਾਬ' ਦੀ ਲੋੜ ਹੈ। ਜੋ ਸ਼ਾਇਦ ਪਹਿਲੇ ਹੀ ਆਪਣੇ ਰਾਹ ਤੇ ਹੈ।

ਚੀਨ ਬਾਰੇ ਇਕ ਬਹਿਸ ਦੌਰਾਨ ਜਨਤਾ ਪਾਰਟੀ ਦੇ ਇਕ ਐਮ. ਪੀ. ਨੇ ਮੈਨੂੰ ਨਵੀਂ ਦਿੱਤੀ ਖ਼ਬਰ ਵਿਚ ਕਿਹਾ, "ਚੀਨੀ ਕੇਵਲ ਰੱਜੇ ਪੁੱਜੇ ਜਾਨਵਰ ਹਨ।"

ਇਕ ਅਜਿਹੇ ਦੇਸ਼ ਵਿਚ ਜਿਥੇ ੬੦ ਪ੍ਰਤੀਸ਼ਤ ਤੋਂ ਵਧ ਲੋਕ ਗ਼ਰੀਬੀ ਦੀ ਲਾਈਨ ਤੋਂ ਹੇਠਾਂ ਹੋਣ ਉਥੇ ਦੇ ਐਮ. ਪੀ. ਦੀ ਭੁੱਖੇ ਲੋਕਾਂ ਬਾਰੇ ਇਸ ਤਰ੍ਹਾਂ ਦੀ ਗੱਲ ਕੁਫ਼ਰ ਜਾਪਦੀ ਸੀ। ਮੈਂ ਕਿਹਾ, "ਤੁਹਾਨੂੰ ਭੁੱਖੇ ਅਤੇ ਗ਼ਰੀਬਾਂ ਨੂੰ ਇੰਜ ਰੱਦ ਕਰਨ ਵਿਚ ਸ਼ਰਮ ਮਹਿਸੂਸ ਹੋਣੀ ਚਾਹੀਦੀ ਹੈ। ਮੈਨੂੰ ਇਹ ਤਾਂ ਪਤਾ ਨਹੀਂ ਕਿ ਕਿਹੜਾ ਜ਼ਿਆਦਾ ਚੰਗਾ ਹੈ ਭੁੱਖਾ ਜਾਂ ਰਜਿਆ ਜਾਨਵਰ। ਪਰ ਚੰਗਾ ਹੈ ਅਸੀਂ ਇਹ ਪਤਾ ਕਰਨ ਲਈ ਤਿਆਰੀ ਕਰੀਏ ਕਿਉਂਕਿ ਭੁੱਖੇ ਲੋਕ ਤਾਂ ਸਾਡੇ ਬੂਹੇ ਤੇ ਹੀ ਹਨ।"

ਜਨਤਾ ਪਾਰਟੀ ਦਾ ਐਮ. ਪੀ. ਮੇਰੇ ਵਾਂਗ ਹੀ ਇਕ ਪੜ੍ਹਿਆ ਲਿਖਿਆ ਆਦਮੀ ਹੈ। ਉਸ ਨੂੰ ਤਾਂ ਸਫ਼ਰ ਕਰਨ ਦੀ, ਲਿਖਣ ਦੀ, ਆਲੋਚਨਾ ਕਰਨ ਦੀ, ਉਚੀ ਪਦਵੀ ਦੀ ਖ਼ਾਹਿਸ਼ ਕਰਨ ਦੀ ਅਤੇ ਆਪਣੀ 'ਪਦਵੀ' ਦਾ ਵਧ ਤੋਂ ਵੱਧ ਲਾਭ ਉਠਾਉਣ ਦੀ ਆਜ਼ਾਦੀ ਚਾਹੀਦੀ ਹੈ। ਇਕ ਭੁੱਖਾ ਆਦਮੀ ਵੀ ਸ਼ਾਇਦ ਹੀ ਸਭ ਕੁਝ ਚਾਹੇਗਾ, ਪਰ ਹੁਣੇ ਨਹੀਂ। ਪਹਿਲਾਂ ਤਾਂ ਉਹ ਮੁਕਤੀ ਚਾਹੇਗਾ—ਭੁੱਖ ਤੋਂ—ਠੰਢ ਤੋਂ—ਅਗਿਆਨਤਾ ਤੋਂ—ਬੀਮਾਰੀ ਤੋਂ—ਮਾੜੇ ਰਹਿਣ ਸਹਿਣ ਤੋਂ ਅਤੇ ਬੇ-ਇੱਜ਼ਤ ਜ਼ਿੰਦਗੀ ਤੋਂ। ਉਸ ਦੀ ਆਜ਼ਾਦੀ ਧਰਤੀ ਦਾ ਚਿਹਰਾ ਬਦਲ ਦੇਵੇਗੀ ਕਿਉਂਕਿ ਉਸ ਵਰਗੇ ਲੋਕ ਜ਼ਿਆਦਾ ਨੇ—ਮੇਰੇ ਵਰਗਿਆਂ ਨਾਲੋਂ।

ਪੰਜਾਬੀ ਰੂਪ : ਸਾਧਨਾ ਬਲਬੀਰ

O


**East Indian Defence Committee**
proudly announces

THE FOURTH ANNUAL SHAHEED MEWA SINGH TOURNAMENT SATURDAY & SUNDAY JULY 1 & 2, 1978 AT WINONA PARK 59TH & COLUMBIA, VANCOUVER. CLOSING RALLY JULY 3.

## PROGRAMME

1. **Award of prizes**
2. **Revolutionary songs and dances**
3. **Speeches on problems facing our community**
4. **Celebration hailing the 1st anniversary of the founding of the Vancouver Desh Bhagat Temple**

**All Our People And Canadian Friends Invited**

For further information, contact:

TOURNAMENT PREPARATORY COMMITTEE, PO BOX 67617, Station 'O', Vancouver 15

# ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

**ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ**

## ਮਿਸਿਜ਼ ਮੁਤੇਲਾ 251-3697

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

# Super Saver Grocery Store 6236 Fraser St Vancouver

ਹਰ ਕਿਸਮ ਦੀ ਭਾਰਤੀ ਗਰੋਸਰੀ ਖ੍ਰੀਦਣ
ਲਈ ਸਾਡੀ ਦੁਕਾਨ ਤੇ ਆਓ ਤੇ
ਜਰੂਰੀ ਗਰੋਸਰੀ ਤੋਂ ਇਲਾਵਾ ਬੱਕਰੇ
ਦਾ ਤਾਜ਼ਾ ਮੀਟ, ਅਤੇ ਬੱਚਿਆਂ ਵਾਲੇ
ਪਤੀਲੇ ਤੇ ਵਿਆਹ-ਸ਼ਾਦੀਆਂ ਤੇ ਦੇਣ
ਲਈ ਵਿਧਾਰੀਆਂ ਗਿਫਟ-ਵੇਅਰ
ਵੀ ਮਿਲ ਸਕਦੇ ਹਨ।



PAL

*Time: 9 a.m.-9 p.m.*
*Seven days a week.*

**Tel. Bus.324-1838, Res.278-5802**

# NOW—A LIFE INSURANCE POLICY THAT GUARANTEES EVERY CENT OF YOUR MONEY BACK

***anytime you ask — after premiums have been paid and the policy has been in force for two years.***

SAVE MORE INCOME TAX THROUGH R.R.S.P.



BAKHSHISH S. DHILLON
B.A. B.T.
Sales Representative
Res. 873-3194

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



RUPINDER AZAD M.A.
Unit Supervisor
Res. 430-1924
438-9146

## SEABOARD LIFE INSURANCE COMPANY

202 - 4640 No. 3 rd. Richmond, B.C.
Office 273-2961

# ਖੇਤਾਂ ਦੇ ਬੂਟੇ

– ਤੂਰਾ ਸਿੰਘ ਕਲੇਰ

ਖੇਤਾਂ ਵੱਲ ਜਾਂਦੇ ਰਾਹ ਦੀ ਰੇਤ ਉਪਰ ਕਿਧਰੇ ਕਿਧਰੇ ਚੜ੍ਹਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਪੈ ਰਹੀਆਂ ਸਨ। ਖਾਲ ਦੀ ਪੁਲੀ 'ਤੇ ਆ ਕੇ ਬੂਟਾ ਦਮ ਲੈਣ ਲਈ ਰੁਕਿਆ। ਪੈਰਾਂ ਉਪਰੋਂ ਮਿੱਟੀ ਝਾੜੀ, ਹੱਥ ਵਿਚਲਾ ਲੱਸੀ ਵਾਲਾ ਡੋਲੂ ਰੱਖ ਕੇ ਰੋਟੀਆਂ ਵਾਲਾ ਟੋਕਰਾ ਲਾਹਿਆ ਤੇ ਦੂਜੇ ਹੱਥ ਵਿਚਲੀ ਕਸੌਲੀ ਦੇ ਬਹੋਂ ਨਾਲ ਜੋੜੇ ਝਾੜੇ, ਚੁਫੇਰੇ ਨਿਗ੍ਹਾ ਮਾਰੀ :

ਕਿਸੇ ਹੱਲ ਵਾਹੁੰਦੇ ਹਾਲੀ ਦੀਆਂ ਹੇਕਾਂ—ਹਵਾ ਨਾਲ ਝੂਮਦੇ ਨਰਮੇ ਕਪਾਹਾਂ—ਰਾਹੇ ਰਾਹ ਕੁਝ ਪਾਲੀ ਮੁੰਡੇ ਪਸ਼ੂ ਲਈ ਜਾਂਦੇ ਬੋਲੀਆਂ ਪਾਂਦੇ। ਲਹਿ-ਲਹਿਰਾਂਦੇ ਖੇਤ—ਖੇਤਾਂ 'ਚ ਨੱਚਦੀ ਬਹਾਰ......।

ਫੇਰ ਉਸ ਨੇ ਟੋਕਰਾ ਚੁੱਕ ਹੱਥ ਵਿਚਲਾ ਲੱਸੀ ਵਾਲਾ ਡੋਲੂ ਫੜ ਕੇ ਲੰਮੀਆਂ ਲੰਮੀਆਂ ਪੁਲਾਂਘਾਂ ਪੁਟੀਆਂ। ਦੋ ਤਿੰਨ ਉੱਡਦੇ ਆਉਂਦੇ ਬਗਲੇ ਕਿਸੇ ਪਾਣੀ ਲਗਦੇ ਖੇਤ ਵਿਚ ਜਾ ਉਤਰੇ। ਹੁਣ ਉਹ ਮੱਕੀ ਦੇ ਖੇਤ ਕੋਲ ਆ ਗਿਆ ਸੀ। ਮੱਕੀ ਦੇ ਦੱਧੇ ਲਗੇ ਹੋਏ ਸਨ ਤੇ ਬਸ ਚਾਬ੍ਹ ਹੋਣ ਵਾਲੀ ਸੀ। ਲਾਲ ਲਗਵੇਂ ਖੇਤ ਵਿਚ ਜੀਤਾ ਚਰ੍ਹੀ ਵੱਢੀ ਜਾਂਦਾ ਸੀ। ਤੇ ਜੀਤੇ ਨੇ ਉੱਚੀ ਹੇਕ ਨਾਲ ਬੋਲੀ ਚੁੱਕੀ—

"ਓ ! ਮੁੰਡੇ ਮਰ ਗੇ ਕਮਾਈਆਂ ਕਰਦੇ !...ਕਰਦੇ।
ਨੀ ਲੱਛੀ ਤੇਰੇ ਬੰਦ ਨਾ ਬਣੇ......।"

ਬੂਟੇ ਨੇ ਸੋਚਿਆ 'ਲੱਛੀ ਦੇ ਬੰਦ ਕਿਉਂ ਨਾ ਬਣੇ ਮੁੰਡੇ ਤਾਂ ਕਮਾਈਆਂ ਕਰਦੇ ਹੰਭ ਗਏ। ਕਿਧਰ ਗਈ ਮੁੰਡਿਆਂ ਦੀ ਕਮਾਈ ? ਤੇ ਉਸ ਨੂੰ ਭੂਸਰੇ ਹੋਏ ਰ੍ਹਿਆ ਪਸ਼ੂਆਂ ਦਾ ਖਿਆਲ ਆ ਗਿਆ। ਕਈ ਦਿਨ ਹੋਏ ਰਾਤ ਨੂੰ ਪਰ੍ਹੇ ਰੋਹੀ ਵਾਲੇ ਬੂਰਾਂ 'ਚੋਂ ਆ ਕੇ ਰਾਮ ਗਾਈਆਂ ਉਹਨਾਂ ਦਾ ਅੱਧਾ ਖੇਤ ਮੱਕੀ ਦਾ ਚਰ ਗਈਆਂ। ਐਨੇ ਔਖੇ ਹੋ ਕੇ ਜ਼ਮੀਨ ਸਵਾਰੀ, ਮੁੜ੍ਹਕੋ ਮੁੜ੍ਹਕੀ ਹੋ ਕੇ ਗੋਡੀ ਪਾਈ ਤਾਂ ਮੱਕੀ ਗੋਡੇ ਗੋਡੇ ਹੋਈ। ਵੇਖ ਕੇ ਭੁੱਖ ਲਹਿੰਦੀ ਸੀ। ਪਰ ਰੋਹੀ ਵਾਲੇ ਬੂਰਾਂ ਵਲੋਂ ਆ ਕੇ ਚਰ ਗਿਆ ਗਾਈਆਂ ਦਾ ਵੱਗ। ਬੂਟੇ ਦਾ ਜੀਅ ਕੀਤਾ ਐਹੋ ਜਿਹੇ ਰ੍ਹਿਆ ਪਸ਼ੂਆਂ ਨੂੰ ਕੱਚਾ ਖਾ ਜਾਵੇ। ਪਰ ਨਾਲ ਹੀ ਇਕਦਮ ਉਸ ਨੂੰ ਜਗਨੇ ਬਾਹਮਣ ਦਾ ਤੇ ਆਪਣੇ ਪਿਓ ਦਾਦੇ ਦਾ ਦੱਸਿਆ ਯਾਦ ਆਇਆ, –'ਗਊ ਮਾਤਾ ਦੀ ਸਾਨੂੰ ਆਣ ਹੈ। ਇਹ ਦਰਵੇਸ਼ ਹੁੰਦੀ ਹੈ—ਇਹ ਸਾਡਾ ਧਰਮ ਹੈ ਤੇ ਅਸੀਂ ਏਸ ਦੀ ਪੂਜਾ ਕਰਦੇ ਹਾਂ...।' ...ਤੇ ਉਸ ਦੀ ਵੱਟੀ ਕਚੀਚੀ ਦਮ ਤੋੜ ਕੇ ਰਹਿ ਗਈ। ਉਸ ਦੇ ਖਿਆਲਾਂ ਦੀ ਲੜੀ ਟੁਟ ਗਈ ਜਦ ਉਸ ਨੇ ਆਪਣੇ ਮਗਰੋਂ ਗਾਉਂਦੀ ਹੋਈ ਅਵਾਜ਼ ਸੁਣੀ—

"ਮੁੜ੍ਹਕਾ ਵਹਾ ਕੇ ਅਸੀਂ ਬਾਜਰੇ ਜਵਾਨ ਕੀਤੇ,
ਗੋਪੀਏ ਬਣਾ ਲੌ ਇਕ ਸਾਰ ਬੇਲੀਓ—
ਉੱਤੇ ਉੱਡੀ ਫਿਰੇ—
ਉੱਡੀ ਫਿਰੇ ਕਾਵਾਂ ਤੋਤਿਆਂ ਦੀ ਡਾਰ ਬੇਲੀਓ...।'

ਉਸ ਨੇ ਪਿਛੇ ਨਿਗ੍ਹਾ ਮਾਰੀ। ਸਾਈਕਲ ਉਪਰ ਬਿੱਲੂ ਗਾਉਂਦਾ ਸੀ। ਬਿੱਲੂ ਨੇੜੇ ਆ ਗਿਆ।

"ਅਸ਼ਕੇ ਤੇਰੇ ਪਾੜ੍ਹਿਆ—ਨਹੀਂ ਰੀਸਾਂ ਤੇਰੇ ਗਾਉਣ ਦੀਆਂ।"

"ਸੁਣਾ ਬਾਈ ਬੂਟਿਆ ! ਕਿਹੜੇ ਖੇਤ ਚੱਲਿਆ ?"

"ਠੀਕ ਐ, ਤੂਤਾਂ ਵਾਲੇ ਖੇਤ ਜਾਣੈ—ਤੈਨੂੰ ਛੁੱਟੀਐਂ ਹੁਣ ?"

"ਹਾਂ ਛੁੱਟੀਐਂ। ਅਗਲੇ ਖੇਤ ਗੇੜਾ ਮਾਰ ਕੇ ਮੈਂ ਵੀ ਤੇਰੇ ਕੋਲ ਆਊਂਗਾ।"

"ਚੰਗਾ ਆ ਜਾਈਂ ਮੈਂ ਤੇਰੇ ਆਏ ਤੋਂ ਚਾਹ ਧਰੂੰ।" ਕਹਿ ਕੇ ਉਹ ਫੇਰ ਆਪਣੇ ਖਿਆਲਾਂ ਵਿਚ ਗੁੰਮ ਹੋ ਗਿਆ, ਤੇ ਬਿੱਲੂ ਸਾਈਕਲ ਭੌਜਾਂ ਕੇ ਚਲਾ ਗਿਆ।

ਲਹਿ-ਲਹਿਰਾਂਦੇ ਖੇਤ—ਖੇਤਾਂ 'ਚ ਨੱਚਦੀ ਬਹਾਰ। ਤੇ...ਤੇ ਰ੍ਹਿਆ ਪਸ਼ੂ ?"

ਫੇਰ ਉਹੀ ਖਿਆਲ 'ਫੇਰ ਉਹ ਵੱਗ ਰੱਜ ਪੁੱਜ ਕੇ ਰੋਹੀ ਵਾਲੇ ਬੂਰਾਂ ਵਿਚ ਜਾ ਲੁਕਦਾ ਹੈ। ਫੇਰ ਉਸ ਨੂੰ ਇਕ ਸਕੀਮ ਔੜੀ। ਕਿਉਂ ਨਾ ਸਾਰੇ ਖੇਤਾਂ ਵਾਲੇ ਰਲ ਕੇ ਬੂਰਾਂ ਵਿਚ ਜਾ ਵੜਨ। ਸਾਰੇ ਪਸ਼ੂਆਂ ਨੂੰ ਸੰਗਲ ਮਾਰ ਕੇ ਨੂੜ ਲਿਆਉਣ। ਪਰ...ਪਰ ਉਹ ਕਾਲਾ ਨਾਗ ਜੋ ਬੂਰਾਂ ਵਿਚ ਰਹਿੰਦਾ ਹੈ ?' ਕਾਲੇ ਨਾਗ ਦੇ ਖਿਆਲ ਨਾਲ ਹੀ ਉਸ ਨੂੰ ਪਸੀਨਾ ਆ ਗਿਆ। ਉਸ ਨੇ ਹੱਥ ਵਾਲੀ ਕਸੌਲੀ ਦੀ ਪਕੜ ਮਜ਼ਬੂਤ ਕੀਤੀ। ਉਸ ਦਾ ਜੀਅ ਕੀਤਾ ਕਿ ਕਾਲੇ ਨਾਗ ਦੇ ਟੋਟੇ ਟੋਟੇ ਕਰ ਦੇਵੇ। ਪਰ ਉਹ ਕਾਲਾ ਨਾਗ ਕਿਸੇ ਇਕੱਲੇ ਦੁਕੱਲੇ ਦੇ ਕਾਬੂ ਨਹੀਂ ਆਉਂਦਾ ਸੀ। ਬਾਬਿਆਂ ਦਾ ਫੋਗਾ ਵੀ ਆਂਹਦਾ ਹੁੰਦਾ ਸੀ, "ਮੈਂ ਨਾਗ ਦੀ ਸਿਰੀ ਫੇਹਦੂੰ ਸਿਰੀ...।" ਪਰ ਸ਼ਾਇਦ ਨਾਗ ਜਾਣ ਗਿਆ ਸੀ। ਦੇਬਾ ਬੂਰਾ ਨੇੜੇ ਰਾਤ ਵੇਲੇ ਆਪਣੇ ਛੋਲਿਆਂ ਦੇ ਖੇਤ ਗੇੜਾ ਮਾਰਨ ਗਿਆ ਸੀ ਤੇ—ਤੇ ਨਾਗ ਮਗਰ ਦੀ ਆ ਕੇ ਉਸ ਨੂੰ ਡੱਸ ਗਿਆ। ਸਵੇਰੇ

ਉਥੋਂ ਉਸ ਦੀ ਲਾਸ਼ ਚੁੱਕ ਕੇ ਲਿਆਂਦੀ। ਸਾਰੇ ਪਿੰਡ ਵਿਚ ਗੁਸੇ ਦੀ ਲਹਿਰ ਸੀ ਕਿ ਐਹੋ ਜਿਹਾ ਕਾਲਾ ਨਾਗ ਮਾਰ ਕਿਉਂ ਨੀਂ ਦਿਤਾ ਜਾਂਦਾ। ਪਰ ਜਗਨਾ ਬਾਹਮਣ ਪਿੰਡ ਦੀ ਸੱਥ ਵਿਚ ਬੈਠੇ ਧੌਲੀਆਂ ਦਾਹੜੀਆਂ ਵਾਲਿਆਂ ਕੋਲ ਕਹਿ ਰਿਹਾ ਸੀ, "ਨਾਗ ਦੇਵਤੇ ਨੂੰ ਮਾਰਨਾ ਕੋਈ ਸੌਖਾ ਨਹੀਂ। ਉਸ ਨੂੰ ਕੋਈ ਨਹੀਂ ਮਾਰ ਸਕਦਾ। ਇਹ ਗੁੱਗਾ ਜ਼ੈਹਰ ਪੀਰ ਐ—ਗੁੱਗਾ ਜ਼ੈਹਰ ਪੀਰ—। ਹਾਂ ਜੇੜ੍ਹਾ ਕੋਈ ਏਸ ਦੀ ਦੁੱਧ ਨਾਲ ਪੂਜਾ ਕਰਦਾ ਐ ਉਸ ਨੂੰ ਕੁਝ ਨਹੀਂ ਕੈਂਹਦਾ। ਇਹ ਮੁੰਡੇ ਖੁੰਡੇ ਲਗ ਜਾਂਦੇ ਨੇ ਕਾਲੇ ਨਾਗਾਂ ਨੂੰ ਛੇੜਣ...।" ਦੇਬੇ ਦੇ ਵੱਡੇ ਭਰਾ ਨੇ ਕਿਹਾ ਸੀ, "ਕਾਹਨੂੰ ਛੇੜਿਐ ਉਹ ਤਾਂ ਸਾਡੇ ਛੌਲਿਆਂ ਕੋਲ ਗੇੜਾ ਮਾਰਨੁ ਗਿਆ ਸੀ।" ਪਰ ਜਗਨਾ ਬਾਹਮਣ ਨਹੀਂ ਸੀ ਮੰਨਦਾ।

...ਤੇ ਰਾਤ ਬੂਟੇ ਨੂੰ ਇਕ ਸੁਪਨਾ ਆਇਆ। ਜਾਣੀ ਕਿ ਉਹ ਤੁਰਿਆ ਜਾਂਦਾ ਹੈ। ਅੱਗੇ ਇਕ ਜੰਗਲ ਹੈ। ਉਹ ਤੁਰਿਆ ਜਾਂਦਾ ਹੈ ਤੁਰਿਆ ਜਾਂਦਾ ਹੈ। ਉਸ ਤੋਂ ਅੱਗੇ ਇਕ ਨਦੀ ਹੈ। ਨਦੀ ਦੇ ਪਾਰ ਨਿੱਕੀਆਂ ੨ ਹਰਿਆਲੀਆਂ ਪਹਾੜੀਆਂ ਵਿਚ ਇਕ ਸ਼ੀਸ਼-ਮਹਿਲ ਹੈ। ਸ਼ੀਸ਼-ਮਹਿਲ ਦੇ ਝਿਲਮਿਲ ੨ ਕਰਦੇ ਮੋਤੀਆਂ ਵਿਚਕਾਰ ਇਕ ਬਹੁਤ ਹੀ ਸੁੰਦਰ ਕੁੜੀ ਆਪਣੇ ਲੰਮੇ ਭੂਸਲੇ ਵਾਲ ਖਿਲਾਰੀ ਖੜੀ ਬਾਹਾਂ ਪਸਾਰ ਕੇ ਦਰਦ-ਭਿੰਨੀ ਆਵਾਜ਼ ਵਿਚ ਗਾਅ ਰਹੀ ਹੈ, "ਲੰਘ ਆਜਾ ਪੱਤਣ ਝਨਾਂ ਦਾ ਯਾਰ ਲੰਘ ਆ ਜਾ..." ਨਦੀ ਉੱਪਰ ਇਕ ਇੱਟਾਂ ਦਾ ਪੁਲ ਹੈ। ਪਰ ਜਦ ਉਹ ਪੁਲ ਤੇ ਚੜ੍ਹਿਆ ਅੱਗੇ ਜਾਣ ਲਈ ਤਾਂ ਪੁਲ ਝੂਲੇ ਦੀ ਤਰ੍ਹਾਂ ਹਿਲਦਾ ਹੈ। ਕਦੀ ਉਹ ਅੱਗੇ ਵਲ ਜਾਂਦਾ ਹੈ ਤੇ ਕਦੀ ਪਿੱਛੇ ਵਲ ਹੱਟਦਾ ਹੈ। ਪਰ ਪੁਲ ਇਉਂ ਹਿਲਦਾ ਹੈ ਜਿਵੇਂ ਹੁਣੇ ਹੀ ਉਹ ਨਦੀ ਵਿਚ ਡਿੱਗ ਪਏਗਾ। ਜਦ ਉਸ ਨੇ ਨਦੀ ਵਿਚ ਨਿਗ੍ਹਾ ਮਾਰੀ ਤਾਂ ਉਸ ਨੂੰ ਕਿੰਨੇ ਹੀ ਰੰਗ-ਬਿਰੰਗੇ ਸੱਪ ਕੁਲਬੁਲ ਕੁਲਬਲ ਕਰਦੇ ਵਿਖਾਈ ਦਿੱਤੇ। ਪਰ ਉਹ ਡਰਦਾ ਲੰਘ ਜਾਂਦਾ ਹੈ, ਜਦ ਹੀ ਉਹ ਪੁਲ ਪਾਰ ਕਰਕੇ ਜਾਂਦਾ ਹੈ, ਤਦੋਂ ਹੀ ਸ਼ੂਅ ਕਰਕੇ ਇਕ ਬਹੁਤ ਹੀ ਵੱਡਾ ਕਾਲਾ ਨਾਗ ਅੱਗਿਉਂ ਫਨ ਚੁੱਕੀ ਉਸ ਵਲ ਆਉਂਦਾ ਹੈ। ਉਹ ਭੱਜਦਾ ਹੈ ਜੋਰ ਨਾਲ ਭੱਜਦਾ ਹੈ। ਪਰ ਜਿੰਨੇ ਕਦਮ ਉਹ ਅੱਗੇ ਰੱਖਦਾ ਹੈ ਉਨੇ ਹੀ ਪਿੱਛੇ ਵਲ ਤਿਲ੍ਹਕ ਪੈਂਦਾ ਹੈ। ਉਸ ਕੋਲੋਂ ਭੱਜਿਆ ਨਹੀਂ ਜਾਂਦਾ। ਹੁਣ ਉਹ ਲੁਕਣ ਲਈ ਥਾਂ ਭਾਲਦਾ ਹੈ। ਇਕ ਸਰ ਦਾ ਬੂਟਾ ਉਸਨੂੰ ਦਿਸਦਾ ਹੈ। ਉਹ ਬੱਚ ਕੇ ਉਸ ਵਿਚ ਜਾ ਲੁੱਕਦਾ ਹੈ। ਪਰ ਕਾਲਾ ਨਾਗ ਫਨ ਚੁੱਕੀ ਉਸ ਨੂੰ ਲੱਭ ਲੈਂਦਾ ਹੈ। ਉਹ ਕੰਬਣ ਲੱਗ ਜਾਂਦਾ ਹੈ। ਨਾਗ ਕਰੋਧ ਵਿਚ ਆ ਕੇ ਜ਼ੋਰ ਦਾ ਫੁੰਕਾਰਾ ਮਾਰਦਾ ਹੈ ਤਾਂ ਫਰਰ ਕਰਕੇ ਸਰ ਦੇ ਬੂਟੇ ਨੂੰ ਅੱਗ ਲੱਗ ਜਾਂਦੀ ਹੈ। ਹੁਣ ਉਸ ਨੂੰ ਸਰ ਦੇ ਬੂਟੇ ਵਿਚਕਾਰ ਕਦੇ ਦੇਬਾ ਖੜਾ ਪਰਤੀਤ ਹੁੰਦਾ ਹੈ ਕਦੇ ਆਪਣਾ ਆਪ। ਸਰ ਦੀਆਂ ਲਟ ਲਟ ਕਰਕੇ ਲਾਟਾਂ ਨਿਕਲ ਜਾਂਦੀਆਂ ਹਨ। ਤੇ ਉਸ ਦੀ ਚੀਕ ਨਿਕਲ ਜਾਂਦੀ ਹੈ, "ਹਾਏ ਮਾਂ...।" ਤਦੋਂ ਹੀ ਉਸ ਦੀ ਅੱਖ ਖੁਲ੍ਹ ਗਈ ਤੇ ਉਸ ਦੀ ਮਾਂ ਉਸਨੂੰ ਜਗਾਅ ਰਹੀ ਸੀ।

"ਪੁੱਤ ਬੂਟਿਆ ਡਰ ਗਿਆ? ਕੋਈ ਮਾੜਾ ਸੁਪਣਾ ਆਇਆ?"

"ਹਾਂ ਮਾਂ ਐਵੇਂ ਸੱਪ ਜੇਹੇ ਦਿਖਾਈ ਦਿੱਤੇ।"

"ਐਵੇਂ ਭੌਂਕਦੇ ਫਿਰਦੇ ਐ ਸੁਪਣੇ—ਸੌਂ ਜਾਹ 'ਰਾਮ ਨਾਲ ਤੜਕੇ ਮੈਂ ਗੁੱਗੇ ਦੀ ਲੱਸੀ ਪਾ ਕੇ ਆਉਂਗੀ।"

ਜਦ ਉਸ ਦੀ ਸੋਚ ਟੁੱਟੀ ਤਾਂ ਹੁਣ ਉਹ ਸੂਏ ਦੇ ਪੁਲ 'ਤੇ ਆ ਗਿਆ ਸੀ। ਉਸ ਨੂੰ ਸੂਏ ਦਾ ਪਾਣੀ ਕਿੰਨਾ ਚੰਗਾ ਲੱਗਿਆ ਜੁ ਖੇਤਾਂ ਵਿਚ ਜਾ ਕੇ ਤਿਹਾਏ ਬੂਟਿਆਂ ਨੂੰ ਹਰੇ ਭਰੇ ਕਰ ਦਿੰਦਾ ਹੈ। ਤੇ ਬੂਟੇ ਚਾਂਦੀ ਵਰਗਾ ਨਰਮਾ ਕਪਾਹ ਦਿੰਦੇ ਹਨ। ਪਰ...ਪਰ ਜੇ ਵੱਗ ਚਰ ਜਾਏ। ਲਹਿ ਲਹਿਰਾਂਦੇ ਖੇਤ—ਖੇਤਾਂ 'ਚ ਨੱਚਦੀ ਬਹਾਰ—ਤੇ ਇਕ ਸਹਿਮ—ਇਕ ਡਰ—।

ਕੁਝ ਚਿਰ ਸੂਏ ਦੀ ਪਟੜੀ ਜਾ ਕੇ ਬੂਟਾ ਫੇਰ ਅਗਲੇ ਰਾਹ ਉੱਤਰ ਪਿਆ। ਰਾਹ ਉਤਰਣ ਲੱਗੇ ਦੇ ਵਾੜ ਨਾਲੋਂ ਛੁਟੀ ਕੰਢਿਆਂ ਦੀ ਮੱੜ੍ਹੀ ਉਸ ਦੇ ਪੈਰਾਂ ਵਿਚ ਫਸ ਗਈ। ਉਸ ਨੇ ਹੱਥ 'ਚ ਫੜੀ ਕਸੌਲੀ ਦੇ ਸਿਰੇ ਨਾਲ ਕੰਢੇ ਫੇਰ ਵਾੜ ਵਿਚ ਵਗਾਹ ਮਾਰੇ। ਕਮਾਦ ਨੂੰ ਪਾਣੀ ਲਾਉਂਦੇ ਕੇਹਰੇ ਨੇ ਉਸ ਨੂੰ ਆਵਾਜ਼ ਮਾਰੀ:

"ਅੱਜ ਬੂਟਿਆ ਕੁਵੇਲਾ ਕਰਤਾ ਰੋਟੀ ਨੂੰ?"

"ਅੱਜ ਬਾਈ ਮਿਸਤ੍ਰੀਆਂ ਦਿਉਂ ਆਹ ਕਸੌਲੀ ਜੜਾਉਣ ਚਲਾ ਗਿਆ। ਮਖਿਆ ਗੋਡੀ ਦਾ ਕੰਮ ਮੁਕਾ ਨਾ ਦੇਈਏ।" ਉਸ ਨੇ ਹੱਥਲੀ ਕਸੌਲੀ ਨੂੰ ਉਪਰ ਚੁੱਕ ਕੇ ਕਿਹਾ।

ਕੇਹਰਾ ਹੁਣ ਉਸ ਦੇ ਕੋਲ ਰਾਹ ਦੀ ਵੱਟ 'ਤੇ ਆ ਗਿਅ ਤੇ ਬੋਲਿਆ:

"ਕਹਿੰਦੇ ਬੂਟਿਆ! ਕੱਲ ਤਾਏ ਬਚਨੇ ਨੂੰ ਬੂਰਾਂ ਕੋਲ ਦੀ ਜਾਂਦੇ ਨੂੰ ਨਾਗ ਨੇ ਘੇਰ ਲਿਆ। ਤਾਇਆ ਕੈਂਹਦਾ, 'ਹੇ ਨਾਗ ਦੇਵਤਾ, ਮੈਂ ਤੈਨੂੰ ਕੁਝ ਨਹੀਂ ਕੈਂਦਾ ਮੈਨੂੰ ਲੰਘ ਜਾਣ ਦੇ। ਤੇ ਉਹ ਡਲ੍ਹਿਆਂ ਵਾਲੇ ਵਾਹਣ ਵਿਚ ਦੀ ਰਾਹ ਛੱਡ ਕੇ ਭੱਜ ਕੇ ਆਇਆ। ਸੱਪ ਬਾਈ ਬਹੁਤ ਭਾਰਾ ਹੈਗਾ ਮਾਰ ਨਹੀਂ ਖਾਂਦਾ ਕਿਸੇ ਤੋਂ—!"

"ਕੈਂਹਦੇ ਤਾਂ ਐਵੇਂ ਐ ਪਰ...।" ਬੂਟੇ ਨੇ ਗੱਲ ਬਦਲੀ "ਕੇ ਕਿਆਰ ਰੈਹਗੇ ਰਮਾਉਣ ਵਾਲੇ।"

"ਬਸ ਇਹੋ ਐ" ਕੇਹਰਾ ਕਿਆਰੇ ਵੱਲ ਨੂੰ ਹੁੰਦਾ ਹੋਇਆ ਬੋਲਿਆ ।

"ਰਮਾਅ ਕੇ ਤੂਤਾਂ ਥੱਲੇ ਆ ਜਾਈਂ, ਚਾਹ ਕਰਾਂਗੇ ਨਾਲੇ ਬਿੱਲੂ ਪਾੜ੍ਹਾ ਆਊਗਾ । ਮੈਨੂੰ ਕਹਿ ਕੇ ਗਿਐ 'ਗਾਹਾ' ।"

"ਚੰਗਾ ਆਊਗਾ ਨਾਲੇ ਉਹ ਸ਼ਹਿਰੋਂ ਅਇਐ ਕੋਈ ਨਵੀਂ ਤਾਜ਼ੀ ਗੱਲ ਸੁਣਾਂਗੇ ।" ਕੇਹਰ ਨੱਕਾ ਬੰਦ ਕਰਨ ਲੱਗ ਪਿਆ ਤੇ ਬੂਟਾ ਫੇਰ ਰਾਹੇ ਰਾਹ ਤੁਰ ਪਿਆ । ਲਹਿਰਾਂਦੇ ਖੇਤ—ਖੇਤਾਂ 'ਚ ਨੱਚਦੀ ਬਹਾਰ... ਤੇ ਰੁਿਆ ਪਸ਼ੂ...।

ਉਹ ਹੁਣ ਆਪਣੇ ਖੇਤ ਪਹੁੰਚ ਗਿਆ ਸੀ । ਆਪਣੇ ਵੱਡੇ ਭਰਾ ਨੂੰ ਰੋਟੀ ਫੜਾ ਕੇ ਤੂਤ ਥੱਲੇ ਆ ਕੇ ਵੱਟ ਵਿਚ ਕਸੌਲੀ ਨਾਲ ਚੁਲ੍ਹਾ ਪੁੱਟ ਕੇ ਚਾਹ ਧਰ ਲਈ । ਥੋੜੇ ਚਿਰ ਵਿਚ ਬਿੱਲੂ ਵੀ ਆ ਗਿਆ । ਸਾਈਕਲ ਉਸ ਨੇ ਤੂਤ ਦੇ ਮੁੱਢ ਨਾਲ ਲਾ ਦਿਤਾ ਤੇ ਛਾਵੇਂ ਬੈਠ ਕੇ ਮੁੜ੍ਹਕਾ ਸੁਕਾਇਆ । ਕੁਝ ਚਿਰ ਮਗਰੋਂ ਕੇਹਰਾ ਵੀ ਕਹੀ ਮੋਢੇ 'ਤੇ ਧਰੀ ਆ ਗਿਆ । ਬੂਟੇ ਦੇ ਵੱਡੇ ਭਰਾ ਨੇ ਹੱਲ ਛੱਡ ਕੇ ਬਲਦ ਤੂਤ ਥੱਲੇ ਬੰਨ੍ਹ ਦਿਤੇ ਤੇ ਆਪ ਚਾਹ ਪੀਣ ਲਈ ਆ ਬੈਠਾ । ਪਰਲੇ ਬੰਨਿਓਂ ਪਿਆਰਾ ਵੀ ਆਪਣੇ ਨਰਮੇ ਨੂੰ ਗੋਡੀ ਕਰਕੇ ਆ ਗਿਆ । ਸਾਰਿਆਂ ਨੇ ਤੂਤ ਦੀ ਛਾਵੇਂ ਬੈਠ ਕੇ ਦਮ ਮਾਰਿਆ ਤੇ ਮੁੜ੍ਹਕਾ ਪੂੰਝਿਆ । ਬਿੱਲੂ ਨੇ ਚੁੱਪ ਤੋੜੀ :

"ਕਿਉਂ ਬਈ ਬੂਟਿਆ ! ਐਤਕੀਂ ਮੱਡੇ ਮੱਕੀ ਕਿੰਨੀ ਕੁ ਹੋ ਜੂ ?"

"ਮੱਕੀ ਤਾਂ ਪਾੜ੍ਹਿਆ ਵਾਹਵਾ ਹੋ ਜਾਂਦੀ ਪਰ... ਪਰ ਆਹ ਜੇਹੜੇ ਵੇਹਲੇ ਰੁਿਆ ਪਸ਼ੂ ਫਿਰਦੇ ਨੇ ਏਹ ਨੀਂ ਪੇਸ਼ ਜਾਣ ਦਿੰਦੇ ।" ਬੂਟਾ ਰੋਹ-ਭਰੀ ਮਾਯੂਸੀ ਵਿਚ ਬੋਲਿਆ । ਹੁਣ ਕੇਹਰਾ ਵੀ ਬੋਲ ਪਿਆ, "ਜਾਹ ਰੁਿਆ ਪਸ਼ੂਆਂ ਤੋਂ ਤਾਂ ਖੇਤ ਬਚਾਅ ਲੀਏ, ਟੱਬ ਲੈ ਕੇ ਮਗਰ ਪੈਜੀਏ । ਪਰ ਸਾਲੇ ਰੱਜ ਪੁੱਜ ਕੇ ਬੂਰਾਂ 'ਚ ਜਾ ਲੁਕਦੇ ਨੇ । ਉਥੇ ਰਹਿੰਦੈ ਕਾਲਾ ਨਾਗ...।"

ਹਰਿਆਲੇ ਖੇਤ ਹਵਾ ਨਾਲ ਝੂਮ ਰਹੇ ਸਨ... ਤੇ ਇਕ ਸਹਿਮ...।

ਬਿਲੂ ਬੋਲਿਆ "ਅੱਜ ਸਾਰੇ ਕੱਠੇ ਹੋ ਕੇ ਚੱਲੀਏ ਜੇ ਖਿਆ ਗਿਆ ਤਾਂ ਸਾਰੇ ਡਹਿਜਾਂਗੇ ।"

"ਮੈਂ ਤਾਂ ਆਪ ਕੇਹਨਾਂ ਕਿ ਆਪਾਂ ਸਾਰਿਆਂ ਤੋਂ ਤਾਂ ਨੀਂ ਤਕੜਾ ਹੋਊ ? ਕਿਉਂ ਬਾਈ ?" ਬੂਟਾ ਤਿੰਨਾਂ ਵੱਲ ਸੰਬੋਧਨ ਕਰਕੇ ਬੋਲਿਆ । ਚਾਹ ਪੀਣ ਮਗਰੋਂ—ਨਰੰਜਣ, ਪਿਆਰਾ ਤੇ ਕੇਹਰਾ ਇਕ ਦੂਜੇ ਵਲ ਝਾਕੇ । ਤਿੰਨਾ ਦੇ ਚਿਹਰਿਆਂ ਉੱਪਰ ਕੋਈ ਜਾਦੂਈ ਸਕਤੀ ਜਿਵੇਂ ਆ ਗਈ ਹੁੰਦੀ ਹੈ । ਉਹ ਉਠ ਕੇ ਖੜ੍ਹੇ ਹੋ ਗਏ । ਕਿਸੇ ਨੇ ਕਸੌਲੀ ਕਿਸੇ ਨੇ ਕਹੀ, ਕਿਸੇ ਨੇ ਸਲੰਘ ਆਦਿ ਚੁੱਕ ਲਈ । ਅੱਗੇ ਅੱਗੇ ਬੂਟਾ ਅਤੇ ਮਗਰ ਉਹ ਸਾਰੇ ਬੂਰਾਂ ਵੱਲ ਧੂੜ ਉਡਾਉਂਦੇ ਜਾਂਦੇ ਬੂਟੇ ਵਰਗੇ ਹੀ ਲਗਦੇ ਸਨ -- ਹਰੇ ਭਰੇ ਖੇਤਾਂ ਦੇ ਬੂਟੇ ।

O


THINKING OF TRAVEL?
WE CAN SAVE YOU MONEY, TIME AND TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

GOYAL TRAVEL

4160 FRASER STREET, VANCOUVER 10, B.C.
PHONE: 872-7658

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India).
Phone 555

FOR ANY KIND OF
PHOTOGRAPHY
REMEMBER
SANDEEP
STUDIO
CALL
HARCHARAN SINGH JHUTEE
435-3634

# ਇਕ ਟਿਕਟ ਰਾਮਪੁਰਾ ਫੂਲ

–ਪ੍ਰੇਮ ਗੋਰਖੀ

ਉਹਨੇ ਦੰਦਾਂ ਹੇਠ ਜੀਭ ਟੁਕਦਿਆਂ ਅੱਖਾਂ ਪਾੜ ਕੇ ਆਸ ਪਾਸ ਇੰਜ ਦੇਖਿਆ ਜਿਵੇਂ ਚਾਨਣ ਹੋਵੇ ਪਰ ਗਾੜ੍ਹਾ ਹਨੇਰਾ ਉਹਦੀਆਂ ਅੱਖਾਂ ਵਿਚ ਫੰਬਿਆਂ ਵਾਂਗ ਧਸਿਆ ਪਿਆ ਸੀ...ਤੇ ਉਹਨੇ ਟੁੱਟੇ ਹੋਏ ਹੱਥੀਂ ਲੀੜਿਆਂ ਨੂੰ ਸੁਆਰਿਆ...ਦੇਹ ਜਿਵੇਂ ਦੋ-ਫਾੜ ਹੋ ਗਈ ਹੋਵੇ, ਤੇ ਉਹ ਝੁਲਸੀਆਂ ਹੋਈਆਂ ਲੱਤਾਂ ਨੂੰ ਸਾਂਭਦੀ ਮੰਜੇ ਤੋਂ ਉਠ ਕੇ ਫਰਸ਼ ਤੇ ਖੜ ਗਈ...ਠੰਡੇ ਫਰਸ਼ ਤੇ ਪੈਰ ਧਰਦਿਆਂ ਜਿਵੇਂ ਉਹਦੇ ਸਿਰ ਵਿਚ ਤ੍ਰਾਟ ਫਿਰ ਨਿਕਲੀ ਤੇ ਉਹ ਡਿਗਦੀ ਡਿਗਦੀ ਮਸਾਂ ਸੰਭਲੀ...ਰਤਾ ਕੁ ਹੱਥ ਵਧਾ ਕੇ ਮੰਜੇ ਤੋਂ ਚੁੰਨੀ ਟੋਂਹਦਿਆਂ ਉਹਦਾ ਹੱਥ ਵਾਲਾਂ ਦੇ ਗੁੱਛੇ ਜਿਹੇ ਨਾਲ ਜਾ ਛੋਹਿਆ...ਉਹ ਤ੍ਰਬਕ ਕੇ ਪਿਛਾਂਹ ਹਟ ਗਈ। ਤੇ ਹੁਣ ਉਹਨੂੰ ਹਨੇਰੇ ਵਿਚ ਵੀ ਮੰਜੇ ਤੇ ਪਈ ਆਪਣੇ ਦਿਉਰ ਤੇਜੀ ਦੀ ਦੇਹ ਜਿਵੇਂ ਪੋਟੇ ਪੋਟੇ ਤੋਂ ਦਿਸ ਪਈ ਹੋਵੇ। ਇਕ ਘੁੰਮਣ ਘੇਰੀ ਵਿਚ ਫਸੀ ਜਿਵੇਂ ਉਹ ਭੋਏਂ ਵਿਚ ਗਰਕ ਹੁੰਦੀ ਜਾ ਰਹੀ ਹੋਵੇ—ਪਰ ਤਦੇ ਉਹਨੇ ਹੱਥ ਵਧਾ ਕੇ ਬੱਤੀ ਜਗਦੀ ਕਰ ਦਿਤੀ। ਸ਼ਰਾਬ ਵਿਚ ਧੁੱਤ ਨੰਗੇ ਪਏ ਤੇਜੀ ਨੇ ਵੱਖ ਮਾਰ ਕੇ ਜਿਵੇਂ ਆਪਣੇ ਆਪ ਨੂੰ ਢੁਕਾ ਲਿਆ ਹੋਵੇ. ਤੇ ਉਹਨੇ ਪੈਰਾਂ ਵਲ ਪਈ ਚਾਦਰ ਨੂੰ ਲੱਕ ਤਾਈਂ ਧੂਹ ਲਿਆ। ਖਿਚ ਧੂਹ ਵਿਚ ਖੁਲ੍ਹੇ ਵਾਲਾਂ ਦੀ ਜੂੜੀ ਕਰਦਿਆਂ ਉਸ ਪਾਸਾ ਮੋੜਿਆ ਤੇ ਲਰਜ਼ਦੀ ਨਜ਼ਰੇ ਸਰਾਹਣੇ ਖੜੀ ਨੂੰ ਪੈਰੋਂ ਲੈ ਸਿਰ ਤਾਈਂ ਤਕਿਆ ਤੇ ਫਿਰ ਹੌਲੇ ਜਿਹੀ ਬੋਲਿਆ, "ਕੁਸ ਨੀ ਮਖਾਂ...ਕੁਸ ਨੀ ਹੋਇਆ...ਝੁਰੀ ਕਾਹਨੂੰ ਜਾਂਦੀ ਐਂ...ਲੈ ਮੈਂ ਆਪਣੇ ਮੰਜੇ ਤੇ ਚਲਾ ਜਾਂਦਾਂ ਤੂੰ ਪੈ ਜਾ ਅਰਮਾਨ ਨਾਲ..." ਆਖਦਾ ਹੋਇਆ ਉਹ ਚਾਦਰ ਨੂੰ ਲੱਕ ਦੁਆਲੇ ਵਲਦਾ ਪੋਲੇ ਪੈਰੀਂ ਦਰਾਂ ਤੋਂ ਬਾਹਰ ਹੋ ਗਿਆ।—ਤੇ ਉਹ ਖੜ੍ਹੀ ਦੀ ਖੜ੍ਹੀ ਜਿਵੇਂ ਥੰਮ ਹੀ ਬਣ ਗਈ। ਉਹਨੂੰ ਲਗਿਆ ਜਿਵੇਂ ਉਹ ਗਾਰ ਨਾਲ ਭਰੇ ਖੂਹ ਵਿਚ ਲਹਿੰਦੀ ਚਲੀ ਗਈ ਹੋਵੇ। ਤੇ ਫਿਰ ਉਹਨੇ ਤ੍ਰਭਕ ਕੇ ਆਸ-ਪਾਸ ਦੇਖਿਆ...ਜ਼ੋਰ ਨਾਲ ਦਰ ਭੇੜ ਕੇ ਰੋਹ 'ਚ ਭਖਦਿਆਂ ਜੁੜਵੇਂ ਮੰਜਿਆਂ ਕੰਨੀ ਝਾਕਿਆ...ਸਹਿਜ ਨਾਲ ਅਗੇ ਵਧੀ ਤੇ ਮੰਜੇ ਉਪਰ ਬੈਠ ਗਈ.. ਅੱਖਾਂ ਟੱਡੀ ਦੁੱਧ ਚਿੱਟੀਆਂ ਕੰਧਾਂ ਨੂੰ ਘੂਰ ਘੂਰ ਦੇਖਣ ਲਗੀ...ਕੱਪ ਪਲੇਟਾਂ ਨਾਲ ਭਰੀਆਂ ਅਲਮਾਰੀਆਂ ਨੂੰ.. ਕੰਧਾਂ ਉਪਰ ਲੱਗੇ ਕਲੰਡਰਾਂ ਨੂੰ...ਤੇ ਇਹ ਸਭੋ ਕੁਝ ਜਿਵੇਂ ਉਹਦੇ ਪਿੰਡੇ ਉਪਰ ਕੰਡੇ ਬਣ ਉੱਗਦਾ ਚਲਾ ਗਿਆ।

—ਤੇ ਉਹਨੇ ਲੰਮਾ ਸਾਰਾ ਹਉਕਾ ਭਰਕੇ ਕੰਧ ਨਾਲ ਢਾਸਣਾ ਲਾ ਉਪਰ ਛੱਤ ਨੂੰ ਘੂਰਿਆ...ਘੂਰਦੀ ਰਹੀ ਤੇ ਫਿਰ ਜ਼ੋਰ ਜ਼ੋਰ ਨਾਲ ਸਿਰ ਕੰਧ 'ਚ ਮਾਰਨ ਲਗੀ...ਮਾਰਦੀ ਗਈ...ਮਾਰਦੀ ਗਈ ਤੇ ਫਿਰ ਫੁੱਟ ਫੁੱਟ ਕੇ ਧਾਹੀਂ ਰੋ ਉੱਠੀ, 'ਇਹ ਕੀ ਹੋ ਗਿਆ ਤੀ...ਇਹ ਸਭੋ ਕੁਸ...ਹੁਣੇ ਹੁਣੇ...ਇਸ ਤਣੀ ਹੋਈ ਰਾਤ ਵਿਚਾਲੇ ਕਿਵੇਂ ਲੰਗਾਰ ਆ ਪਿਆ ਸੀ...' ਸੋਚਦਿਆਂ ਉਸ ਸਾਹਮਣੀ ਕੰਧ ਤੇ ਨਜ਼ਰ ਗੱਡ ਦਿਤੀ ਤੇ ਪੋਲੇ ਜਿਹੇ ਉਹਦੀ ਨਿਗ੍ਹਾ ਕੰਧ ਤੇ ਲਟਕਦੀ ਘੜੀ ਉਪਰ ਜਾ ਟਿਕੀ...ਅਥਰੂਆਂ ਨਾਲ ਭਰੀਆਂ ਅੱਖਾਂ ਚੀਂ ਘੂਰਦੀ ਨੂੰ ਲਗਿਆ ਜਿਵੇਂ ਕੋਈ ਮੂੰਹ ਕੰਧ ਤੇ ਲਟਕਿਆ ਉਹਨੂੰ ਦੇਖਦਾ ਪਿਆ ਹੋਵ...ਤੇ ਉਹਨੇ ਜਿਵੇਂ ਮੂੰਹ ਦੇ ਨਕਸ਼ਾਂ ਨੂੰ ਪਛਾਨਣ ਲਈ ਬੜੇ ਗਹੁ ਨਾਲ ਘੜੀ ਵਲ ਦੇਖਿਆ ਤਾਂ ਉਹਦੀਆਂ ਸਦੀਆਂ ਤੋਂ ਇਕੋ ਥਾਂ ਅਟਕੀਆਂ ਸੂਈਆਂ ਜਿਵੇਂ ਉਹਦੀਆਂ ਅੱਖਾਂ ਵਿਚ ਸੂਲਾਂ ਬਣ ਆ ਚੁੱਭੀਆਂ। ਉਹਨੇ ਅੱਖਾਂ ਮੁੰਦ ਕੇ ਜਿਵੇਂ ਰੁੱਗ ਭਰਕੇ ਕਾਲਜਾ ਫੜ ਲਿਆ...ਤੇ ਮੁੜ ਆਪਣੇ ਹੱਥਾਂ ਨੂੰ ਦੰਦਾਂ ਹੇਠ ਚੱਬਦਿਆਂ ਧੂੜ ਨਾਲ ਭਰੀ ਘੜੀ ਵਲ ਦੇਖਿਆ...ਉਹਨੂੰ ਯਾਦ ਆਇਆ ਉਹਨੇ ਜਾਣ ਬੁਝ ਕੇ ਕਦੇ ਘੜੀ ਨੂੰ ਸਾਫ ਨਹੀਂ ਸੀ ਕੀਤਾ...ਬਹੁਤ ਵਾਰੀ ਉਹਦੇ ਮਨ ਨੇ ਚਾਹਿਆ ਵੀ ਸੀ ਉਹ ਪਹਿਲੇ ਦਿਨਾਂ ਵਾਂਗ ਘੜੀ ਨੂੰ ਰੋਜ਼ ਸਾਫ ਕਰਿਆ ਕਰੇ ਤੇ ਚਾਬੀ ਦਿਆ ਕਰੇ ਪਰ ਜਿਵੇਂ ਉਹਦੇ ਮਨ ਦੀ ਗੱਲ ਦਾ ਉਹਦੇ ਹੱਥਾਂ ਨੇ ਹੁੰਗਾਰਾ ਨਹੀਂ ਸੀ ਭਰਿਆ। ਮਨ ਵਿਚਲੀ ਗੱਲ ਹਮੇਸ਼ਾ ਜਿਵੇਂ ਉਹਦੇ ਹੱਥਾਂ ਨੂੰ ਫਿਟਕਾਰ ਪਾਂਦੀ ਹੁੰਦੀ ਸੀ ਤੇ ਕਿਸ਼ਨ ਦੇ ਆਖੇ ਬੋਲ ਫੁੱਲਾਂ ਵਾਂਗ ਹਮੇਸ਼ਾਂ ਉਹਦੀਆਂ ਤਲੀਆਂ ਉਪਰ ਆ ਟਿਕਦੇ ਸਨ, "ਜੱਸੀ ਤੇਰੇ ਘਰ ਦੀ ਕੰਧ ਤੇ ਲਟਕੀ ਇਹ ਘੜੀ ਜਿਉਂ ਜਿਉਂ ਟੱਕ...ਟੱਕ...ਕਰੇਗੀ ਤੂੰ ਸਮਝ ਲਵੀਂ ਮੈਂ ਤੇਰੇ ਨਾਲ ਗੱਲਾਂ ਕਰ ਰਿਹਾ ਹਾਂ...ਤੇ ਤੇਰੇ ਘਰ ਦੀ ਕੰਧ ਤੇ ਨਹੀਂ ਤੇਰੇ ਆਪਣੇ ਮਨ ਦੀ ਕੰਧ ਤੇ ਜੇ ਤੂੰ ਚਾਹੇਂਗੀ ਤਾਂ ਮੈਂ ਸਦਾ ਲਟਕਿਆ ਰਹਾਂਗਾ..." ਤੇ ਇਹਨਾਂ ਬੋਲਾਂ ਦੇ ਸਾਹਮਣੇ ਕਿਸ਼ਨ ਨੇ ਜਿਥੇ ਹੋਰ ਬਹੁਤ ਸਾਰੀਆਂ ਚੀਜ਼ਾਂ ਉਹਦੇ ਵਿਆਹ ਉਤੇ ਆਪਣੇ ਵਲੋਂ ਖ੍ਰੀਦ ਕੇ ਦਿਤੀਆਂ ਉਹਨਾਂ ਵਿਚ ਇਹ ਘੜੀ ਵੀ ਸੀ। ਤੇ ਹੁਣ ਇਕ ਬਿੰਦ ਜਿਵੇਂ ਉਹਦੀਆਂ ਅੱਖਾਂ ਵਿਚ ਭਰੇ ਹੰਝੂ ਸੁੱਕ ਗਏ ਹੋਣ—ਉਹ ਪੋਲੇ ਜਿਹੀ ਉਠੀ... ਠੰਢਾ ਫਰਸ਼ ਇੰਜ ਲਗਿਆ ਜਿਵੇਂ ਰੋੜ ਵਿਛਾਏ ਹੋਣ ..ਤੇ ਉਹ ਪੰਜ ਕਦਮ ਨਹੀਂ ਜਿਵੇਂ ਮੀਲਾਂ ਲੰਮੇ ਰਾਹ ਨੂੰ ਮੁਕਾ ਕੇ ਘੜੀ ਤਾਈਂ ਅਪੜੀ ਹੋਵੇ। ਕੁਰਸੀ ਤੇ ਖੜ ਕੇ ਉਹਨੇ ਤਲੀ ਨਾਲ ਸ਼ੀਸ਼ਾ ਸਾਫ ਕੀਤਾ... ਬੜੀ ਸਹਿਜ ਨਾਲ ਆਪਣਾ ਸਿਰ ਸ਼ੀਸ਼ੇ ਨਾਲ ਲਾ ਦਿਤਾ...ਲਗਿਆ ਜਿਵੇਂ ਉਹਨੇ ਸਿਰ ਤਪਦੀ ਹੋਈ ਕਿਸ਼ਨ ਦੀ ਹਿੱਕ ਉਪਰ ਰੱਖ ਦਿਤਾ ਹੋਵੇ ਤੇ ਵਰ੍ਹਾ ਭਰ ਪਹਿਲਾਂ ਦਾ ਹਾਦਸਾ ਜਿਵੇਂ ਹਵਾ ਦੇ ਬੁੱਲੇ ਵਾਂਗ ਉਹਦੇ ਵੱਖ ਨਾਲ ਦੀ ਲੰਘ ਗਿਆ...

...ਉਸ ਦਿਨ ਉਦਾਸੀ ਵਿਚ ਗਰਕ, ਟੁਟਿਆ ਭਜਿਆ ਜਿਵੇਂ ਸਦੀਆਂ ਤੋਂ ਪੈਂਡੇ ਪਿਆ ਉਹ ਉਹਦੇ ਦਰਾਂ ਵਿਚ ਆ ਖੜਿਆ ਸੀ...ਘਰ ਵਿਚ ਪਹਿਲੀ ਲੋਹੜੀ ਸੀ ਨਾ ਇਸ ਲਈ ਸੌਦਾ ਪੱਤਾ ਲੈਣ ਗਿਆ ਪਤੀ ਲਾਗਲੇ

 ਸ਼ਹਿਰੋਂ ਅਜੇ ਮੁੜਿਆ ਨਹੀਂ ਸੀ। ਦਿਉਰ ਸੀ ਜੋ ਖੇਤੀਂ ਕਮਾਦੀ ਵਿਚ ਲੁਕਿਆ ਸ਼ਰਾਬ ਕਢਦਾ ਸੀ...ਤੇ ਪੂਰੇ ਘਰ ਦੀ ਲੋਅ ਸੀ ਉਹ ਖੁਦ...ਤੇ ਦਰੀਂ ਆ ਖੜੇ ਕਿਸ਼ਨ ਵਲ ਦੇਖਕੇ ਉਹਨੇ ਅੱਖਾਂ ਵਿਚਲੀ ਲਿਸ਼ਕ ਨੂੰ ਮਲੋਮਲੀ ਬੁਝਦੀ ਕਰ ਲਿਆ ਸੀ...ਉਹਨੇ ਓਪਰਿਆਂ ਵਾਂਗ ਕਿਸ਼ਨ ਨੂੰ ਕੁਰਸੀ ਤੇ ਬੈਠਣ ਲਈ ਆਖਿਆ ਸੀ...ਕਿਸ਼ਨ ਜੀਹਦੇ ਬਦਲੇ ਉਹ ਸਾਰੇ ਜੱਗ ਦੀ ਬਦਨਾਮੀ ਸੰਗ ਨਾੜ੍ਹੀ ਗਈ ਸੀ, ਸਕੂਲ ਦੀ ਦਸਵੀਂ ਜਮਾਤੋਂ ਲੈ ਕਾਲਜ ਦੀ ਪਹਿਲੀ ਜਮਾਤ ਤਾਈਂ ਤੇ ਫਿਰ ਪਿੰਡ ਦੀ ਜੂਹ ਦੁਆਲੇ . ਤੇ ਨਾਨਕੇ ਘਰ ਪੜ੍ਹਿਆ ਕਿਸ਼ਨ ਕਾਲਜੋਂ ਹਟ ਸਰਕਾਰੀ ਨੌਕਰੀ ਮਿਲਣ ਤੇ ਉਹਦੇ ਜੋਗਾ ਹੋ ਕੇ ਹੀ ਰਹਿ ਗਿਆ ਤੇ ਉਹਦੇ ਬਿਨ ਸਾਹ ਨਹੀਂ ਸੀ ਭਰਦਾ ਤੇ ਉਹਦੇ ਮੂਹਰੇ ਉਹਨੇ ਕੰਬਦੇ ਹਥੀਂ ਰੋਟੀ ਵਾਲੀ ਥਾਲੀ ਲਿਆ ਰੱਖੀ ਸੀ.. ਤੇ ਮੁੜਨ ਲੱਗੀ ਦਾ ਹੱਥ ਕਿਸ਼ਨ ਨੇ ਇੰਜ ਫੜ ਲਿਆ ਸੀ ਜਿਵੇਂ ਚੰਦ ਦੇ ਟੁਕੜੇ ਨੂੰ ਹੱਥ ਵਧਾ ਕੇ ਫੜ ਲਿਆ ਹੋਵੇ....''ਮੈਨੂੰ ਰੋਟੀ ਦੀ ਭੁੱਖ ਨੀ ਜੱਸੀ...ਮੈਨੂੰ...ਮੈਨੂੰ ਤਾਂ... ਬਸ ਮੇਰੇ ਹੱਥਾਂ ਵਿਚ ਆਪਣਾ ਹੱਥ ਦੇ ਦੇ...ਮੈਨੂੰ ਤੇਰੇ ਆਸਰੇ ਦੀ ਲੋੜ ਐ...ਜੱਸੀ ਮੈਨੂੰ...'' ਤੇ ਉਹਨੇ ਝਟਕੇ ਨਾਲ ਕਿਸ਼ਨ ਦੇ ਹੱਥੋਂ ਆਪਣਾ ਹੱਥ ਛੁਡਾ ਕੇ ਇਕ ਕਦਮ ਪਿਛਾਂਹ ਵਲ ਪੁਟਿਆ ਸੀ...। ਇਕ ਘੜੀ ਉਹਦੇ ਲਾਗਦੀ ਉਹ ਵੇਲਾ ਵੀ ਲੰਘ ਗਿਆ ਜਦੋਂ ਉਹਨੇ ਕਿਸ਼ਨ ਤੋਂ ਵਖ ਹੋਣ ਲਗਿਆਂ ਉਹਦੇ ਹੱਥ ਨੂੰ ਚੁੰਮ ਕੇ ਵਚਨ ਦਿਤਾ ਸੀ, ''ਕਿਛੀ ਮੈਂ ਕਿਤੇ ਵੀ ਰਹਾਂ ਮੇਰਾ ਸਭ ਕੁਸ ਤੇਰੇ ਨਾਲ ਰਹੂ...ਜਦੋਂ ਤੂੰ ਹੱਥ ਵਧਾਏਂਗਾ ਮੇਰਾ ਹੱਥ ਕਦੇ ਪਿਛੇ ਨੀਂ ਹਟੂ—''

''ਦੇਖ ਲੈ ਬੂਠੀ ਨਾ ਪਈਂ'' ਕਿਸ਼ਨ ਨੇ ਪੱਕ ਕਰਨਾ ਚਾਹਿਆ ਸੀ।

''ਮੈਂ ਕਿਹਾ ਕਦੇ ਨੀਂ ਕਿਛੀ...'' ਕਹਿੰਦਿਆਂ ਉਹਨੇ ਆਪਣਾ ਮੂੰਹ ਕਿਸ਼ਨ ਦੀ ਹਿੱਕ ਵਿਚ ਲੁਕਾ ਲਿਆ ਸੀ। ਤੇ ਫਿਰ ਜਿਵੇਂ ਉਹਨੇ ਸਭ ਕੁਝ ਭੁਲ ਜਾਣਾ ਇਸ ਲਈ ਬੇਹਤਰ ਸਮਝਿਆ ਸੀ ਕਿ 'ਉਹਦੇ ਘਰ' ਦੀਆਂ ਕੰਧਾਂ ਦੇ ਵਿਚ ਕਲੱਰ ਨਾ ਪਲਮ ਤੁਰੇ। ਉਹਨੇ ਕਿਸ਼ਨ ਦੀ ਹਰ ਚੀਜ਼ ਵਲੋਂ ਮੂੰਹ ਫੇਰ ਲਿਆ ਸੀ, ਘੜੀ ਦੀ ਟੱਕ ਟੱਕ ਜੋ ਪ੍ਰੇਤ ਛਾਇਆ ਵਾਂਗ ਉਹਨੂੰ ਜਾਪਣ ਲਗੀ ਸੀ ਉਹ ਉਹਦੇ ਵਲ ਪਿੱਠ ਕਰਕੇ ਖੜ ਗਈ। ਤੇ ਪਤੀ ਦੀ ਵਫ਼ਾ ਨੂੰ ਪਾਲਣ ਖਾਤਰ ਉਹ ਘਰ ਆਏ ਕਿਸ਼ਨ ਵਲ ਵੀ ਪਿਠ ਮੋੜ ਕੇ ਖੜਦੀ ਬੋਲੀ ਸੀ, ''ਨਹੀਂ ਕਿਸ਼ਨ ਇਹ ਹੱਥ ਤਾਂ ਬਸ ਮੇਰੇ ਪਤੀ ਦੀ ਅਮਾਨਤ ਨੇ...ਹੁਣ ਤੇਰਾ ਕੋਈ ਹੱਕ...ਹੁਣ ਮੈਂ'' ਤੇ ਮਨ ਉਪਰ ਤਣੀ ਚਾਦਰ ਪੂਰੀ ਤਰ੍ਹਾਂ ਉਹਦੇ ਕੋਲੋਂ ਖਿਚੀ ਨਹੀਂ ਸੀ ਗਈ।

''ਤੈਨੂੰ ਯਾਦ ਨੀ...ਤੂੰ ਤਾਂ ਕਹਿੰਦੀ ਸੀ ਤੇਰੇ ਹੱਥ ਵਧਾਉਣ ਨਾਲ...'' ਕਿਸ਼ਨ ਉਹਨੂੰ ਪਿੱਠ ਮੋੜੀ ਖੜੀ ਨੂੰ ਦੇਖ ਜਿਵੇਂ ਕਿਣਕਾ ਕਿਣਕਾ ਹੋ ਕੇ ਭੋਏਂ ਤੇ ਬਿਖਰ ਗਿਆ ਸੀ।

''ਨਹੀਂ ਨਹੀਂ ਕਿਛੀ...ਤੈਨੂੰ ਪਤਾ ਇਹ ਮੇਰਾ ਘਰ...ਮੇਰਾ ਪਤੀ...ਉਹ ਕੇਡਾ ਸਾਊ ਜੀ ਏ...ਮੇਰਾ ਸਾਰਾ ਕੁਸ...'' ਤੇ ਉਹਨੂੰ ਆਪਣੇ ਹੀ ਬੋਲਾਂ ਨੂੰ ਰਖਣ ਲਈ ਜਿਵੇਂ ਕੋਈ ਥਾਂ ਨਹੀਂ ਸੀ ਥਿਆਈ। ''ਬਸ ਮੈਨੂੰ ਮਾਫ ਕਰਦੇ...ਭੁਲ ਜਾ ਤੂੰ...ਲੈ ਮੇਰੇ ਘਰੇ ਪਹਿਲੀ ਵਾਰੀ ਆਇਐਂ ਰੋਟੀ ਤਾਂ ਮੂੰਹ ਲਾ...'' ਆਖਦਿਆਂ ਉਹਨੇ ਥਾਲੀ ਉਸਦੇ ਲਾਗ ਰੱਖ ਦਿਤੀ ਸੀ ਤੇ ਉਹਦੇ ਪੈਰਾਂ ਹੇਠਲੀ ਧਰਤ ਥਰਥਰਾ ਗਈ ਸੀ।

—ਤੇ ਉਹਦੇ ਫੈਸਲੇ ਦਾ ਮੂੰਹ ਦੇਖ ਕਿਸ਼ਨ ਨੇ ਕਾਹਲੀ ਨਾਲ ਉਠਦਿਆਂ ਰੋਹ ਵਿਚ ਮੱਚ ਕੇ ਰਤਾ ਕੁ ਰੋਟੀ ਦੀ ਥਾਲੀ ਵਲ ਤੇ ਫਿਰ ਇਕ ਟੱਕ ਉਹਦੇ ਕੰਨੀ ਇੰਜ ਦੇਖਿਆ ਸੀ ਜਿਵੇਂ ਸਭ ਕਾਸੇ ਨੂੰ ਰਾਖ ਕਰਨ ਲਗਿਆ ਹੋਵੇ... ਜਿਵੇਂ ਉਹ ਭੁੱਖੀਆਂ ਅੱਖਾਂ ਨਾਲ ਸਭ ਕਾਸੇ ਨੂੰ ਨਿਗਲ ਜਾਣ ਲੱਗਿਆ ਹੋਵੇ...ਤੇ ਕਿਸ਼ਨ ਚਲਾ ਗਿਆ ਸੀ ਤਾਂ ਚੁਪ ਪਏ ਵਿਹੜੇ ਨੂੰ ਘੂਰ ਕੇ ਉਹਦੀ ਉਸ ਤੱਕ ਨੂੰ ਖਿਆਲਦਿਆਂ ਉਹਦਾ ਇਕ ਦਿਲ ਕੀਤਾ ਸੀ ਖਿੜ-ਖਿੜਾ ਕੇ ਹੱਸੇ ਤੇ ਇਕ ਦਿਲ ਕੀਤਾ ਸੀ ਲੇਰ ਮਾਰ ਕੇ ਜੱਗ ਨੂੰ ਸੁਣਾਵੇ...ਪਰ ਨਾ ਉਹ ਹੱਸੀ ਹੀ ਤੇ ਨਾ ਹੀ ਰੋਈ.. ਬਸ ਇਕ ਸੋਚ ਨੇ ਉਹਦੇ ਪਿੰਡੇ ਤੇ ਲਕੀਰ ਜਹੀ ਖਿਚ ਕੇ ਜਿਵੇਂ ਉਹਨੂੰ ਆਖਿਆ, ''ਅੱਜ ਤੂੰ ਦੋਰਾਹੇ ਤੋਂ ਹਟ ਕੇ ਇਕ ਰਾਹ ਨੂੰ ਚੁਣਿਆ ਏਂ ਆਪਣੀ ਕਿਸਮਤ ਦੇ ਰਾਹ ਨੂੰ...'' ਤੇ ਇਸ ਖਿਆਲ ਦੇ ਨਾਲ ਉਸ ਲੰਮਾ ਸਾਹ ਭਰ ਕੇ ਅੰਬਰ ਵਲ ਝਾਕਿਆ ਸੀ।

—ਤੇ ਹੁਣ ਜਦੋਂ ਇਕ ਇਕ ਚੇਤਾ ਉਹਦੇ ਪਿੰਡੇ ਲਾਗ ਆ ਖੜਿਆ ਸੀ ਉਹਨੇ ਸ਼ੀਸ਼ੇ ਉਪਰੋਂ ਸਿਰ ਚੁੱਕ ਕੇ ਬੜੇ ਮੋਹ ਨਾਲ ਘੜੀ ਵਲ ਦੇਖਿਆ ਤੇ ਇਕ ਚੇਤੇ ਨੂੰ ਉਹਨੇ ਘੁਟ ਕੇ ਫੜ ਲਿਆ ਜਿਹੜਾ ਉਹਤੋਂ ਕੰਨੀ ਖਿਸਕਾ ਕੇ ਤੁਰ ਚਲਿਆ ਸੀ। ਉਹਨੂੰ ਡੂਡ ਮਹੀਨਾ ਪਹਿਲੇ ਪਿੰਡੋਂ ਆਈ ਚਾਚੀ ਨੇ ਤੁਰਦੇ ਬੋਲੀਂ ਇਹ ਗੱਲ ਆਖੀ ਸੀ, ''ਨੀ ਭਲੀਏ ਪਤਾ ਨੀ ਕਾਹਨੂੰ ਨੌਕਰੀ ਛਡ ਕੇ ਵਗ ਗਿਐ...ਧੰਨੀ ਘਰ 'ਚ ਕੋਈ ਬੋਲ ਬੁਲਾਰਾ ਹੋ ਗਿਐ...ਨਾਲੇ ਉਂ ਜਦੋਂ ਦੀ ਉਹਦੀ ਮਾਂ ਮਰੀ ਐ ਉਦੋਂ ਮਗਰੋਂ ਉਹ ਪਿੰਡ ਘਟ ਵਧ ਈ ਟਿਕਿਆ...ਕਹਿੰਦੇ ਸ਼ਰਾਬ ਨਾਲ ਡਕਿਆ ਰਾਮਪੁਰੇ ਦੀਆਂ ਦੁਕਾਨਾਂ ਤੇ ਬੈਠਾ ਰਹਿੰਦਾ...ਕੇਰਾਂ ਆਇਆ ਤੀ, ਉਹੋ ਜੇਹਾ ਰੰਗ ਰੂਪ ਈ ਨੀ ਰਿਹਾ...ਉਈਂ ਡਰਾਉਣਾ ਜੇਹਾ ਹੋਇਆ ਪਿਆ...ਮੈਂ ਤਾਂ ਸਿਆਣਿਆ ਈ ਨੀ . ਮੈਂ ਪੁਛਿਆ ਭਾਈ ਪਿੰਡ ਕੀ ਕਰਦਾ ਹੁੰਦੈ ਤਾਂ ਹਸ ਕੇ ਕਹਿੰਦਾ ਕਰਨਾ ਕੀ ਐ ਮਾਮੀ...ਘਰੇ ਬੈਠ ਕੇ ਲੋਕਾਂ ਨੂੰ ਦੇਖੀ ਜਾਈਦਾ...ਮੈਂ ਖਿਹਾ ਤੇਰੇ ਜਿਸ ਕਿਸੇ ਨੂੰ ਪਿਟਿਆ ਬਾਹਮਣਾ ਕੋਈ ਚੱਜ ਦੀ ਗੱਲ ਕਰ...'' ਤੇ ਚਾਚੀ ਦੀ ਗੱਲ ਨੂੰ ਟੁਕ ਕੇ ਉਹਨੇ ਗੱਲ ਬਦਲ ਦਿਤੀ ਸੀ। ਉਹਨੂੰ ਪਤਾ ਸੀ ਕਿਸ਼ਨ ਮਾਮੇ ਦੇ ਘਰੋਂ ਕਾਸ ਨੂੰ ਚਲੇ ਗਿਆ ਸੀ...ਉਹਨੂੰ ਸਾਰ ਸੀ ਉਹ ਕਾਹਤੋਂ ਪਿੰਡ ਛਡ ਕੇ ਆਪਣੇ ਘਰ ਚਲਾ ਗਿਆ ਸੀ...ਘਰ ਜਿਥੇ ਕਾਲਜ ਦੇ ਦਿਨੀਂ ਉਹ ਵੀ ਕਿਸ਼ਨ ਨਾਲ ਜਾ ਆਈ ਸੀ...।—ਤੇ ਸੋਚੀਂ ਡੁੱਬੀ ਉਹ ਮੰਜੇ ਤੇ ਮੂਧੇ ਮੂੰਹ ਡਿਗਦੀ ਹੁਬਕੀਆਂ ਭਰ ਭਰ ਰੋਣ ਲਗ ਪਈ।

—ਤੇ ਫਿਰ ਉਹਨੂੰ ਲਗਿਆ ਜਿਵੇਂ ਵੇਲੇ ਦੀ ਠੰਡ ਉਹਦੇ ਅੰਗਾਂ ਨੂੰ ਸੁੰਨ ਕਰਕੇ ਸੁਟ ਜਾਵੇਗੀ ਤੇ ਉਹਨੇ ਚਾਹਿਆ ਉਹ ਇਸ ਘੜੀ ਤਾਂ ਬਸ ਠੰਡ ਵਿਚ ਆਕੜ ਕੇ ਹੀ ਮਰ ਜਾਵੇ, ''ਐਹੀ ਖੇਹ ਮੇਰੇ ਮੂੰਹ ਪਾਣ ਲੀ ਰਾਤੀਂ ਤੁਰ ਗਿਆ ਸੀ...ਮੈਨੂੰ ਹੱਥੀਂ ਖੂਹ 'ਚ ਧੱਕਾ ਦੇ ਜਾਂਦਾ...ਲਾਂਬੂ ਬਾਲ ਜਾਂਦਾ...ਮੇਰੇ ਜੋਗਾ ਐਹੀ ਕੁਸ ਬਚਿਆ


**SHAKTI GIFT**

**6576 MAIN STREET, VANCOUVER, B.C.**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

SPECIALIST IN

EAST INDIAN JEWELLERY

GIFTWARE & REPAIRS

Bus. 321-6214

Res. 327-8259

ਸੀ..." ਇਹ ਕੁਝ ਕੁਝ ਉਹਨੇ ਜਿਵੇਂ ਮਨ ਵਿਚ ਵਿਚਾਰਿਆ ਹੀ ਨਹੀਂ, ਆਪਣੇ ਪਤੀ ਨੂੰ ਵੀ ਆਖਿਆ ਹੋਵੇ...ਤੇ ਉਸ ਪਤੀ ਦਾ ਚਿਹਰਾ ਮੋਹਰਾ ਉਹਦੀਆਂ ਅੱਖਾਂ ਸੌਂਹੇ ਡੰਡਾ ਥੋਰ ਵਾਂਗ ਉਗ ਖੜਿਆ, ਜਿਹਦੀ ਵਫ਼ਾ ਲਈ ਉਸ ਚਿੱਟੀ ਚਾਦਰ ਤਾਣ ਅਜ ਤਾਈਂ ਉਹਦੇ ਤੇ ਛਿੱਟ ਨਹੀਂ ਸੀ ਪੈਣ ਦਿਤੀ। ਰਾਤੀਂ ਉਹਨੇ ਤੇ ਤੇਜੀ ਨੇ ਬੈਠ ਕੇ ਇਕਠਿਆਂ ਸ਼ਰਾਬ ਪੀਤੀ ਸੀ, ਰੋਟੀ ਖਾਧੀ ਸੀ ਤੇ ਉਠਦਿਆਂ ਆਖਿਆ ਸੀ, "ਖੂਹ ਤੇ ਮੋਟਰ ਪਈ ਆ, ਨਾਲਾਂ ਪਈਆਂ ਨੇ...ਸਾਲੇ ਪੈਰ ਪੈਰ ਤੇ ਤਾਂ ਚੋਰ ਫਿਰਦੇ ਨੇ.. ਤੇ ਤੇਜੀ ਨੂੰ ਤਾਂ ਪਏ ਨੂੰ ਆਪਦੀ ਖਬਰ ਨੀ ਰਹਿੰਦੀ... ਹੋਰ ਜਾਹ ਜਾਂਦੀ ਹੋ ਜੂ...ਮੈਂ ਰਾਤ ਦੀ ਰਾਤ ਖੂਹ ਤੇ ਪੈ ਰਹੂੰ...ਤੇਜੀ ਤੂੰ ਘਰੇ ਪੈ ਜੀਂ..." ਤੇ ਖੇਸ ਦੀ ਬੁਕਲ ਮਾਰੀ ਉਹ ਤੁਰ ਗਿਆ ਸੀ। ਉਹ ਨਿੱਤ ਵਾਂਗ ਅੰਦਰ ਬਾਹਰ ਸੁਆਰ ਕੇ ਤੇਜੀ ਨੂੰ ਬਾਹਰਲੀ ਬੈਠਕੇ ਪੈਂਦਿਆਂ ਦੇਖ ਦਰ ਢੋਅ ਕੇ ਮੰਜੇ ਤੇ ਆ ਪਈ ਸੀ। ਤੇ ਮੁੜ ਉਹਨੂੰ ਸੁੱਤੀ ਨੂੰ ਤਾਂ ਖਿੜਕ ਵੀ ਨਾ ਜਗਾ ਸਕੀ ਤੇ ਤੇਜੀ ਉਹਦੇ ਨਾਲ ਆ ਪਿਆ ਸੀ। ਤੇ ਫਿਰ ਜਦੋਂ ਉਹਨੇ ਡਰ ਕੇ ਚੀਕ ਮਾਰਨੀ ਚਾਹੀ ਸੀ ਤੇਜੀ ਨੇ ਦੱਬੇ ਬੋਲੀਂ ਜਿਵੇਂ ਉਹਨੂੰ ਘੂਰਿਆ ਸੀ, "ਮੈ ਹੀਂ ਆਂ...ਐਵੇਂ ਨਾ ਕੋਠਾ ਪਾੜ ਦੀਂ—ਚੁਪ ਕਰ ਜਾ..." ਤੇ ਉਹਨੇ ਤੇਜੀ ਤੋਂ ਤ੍ਰਹਿ ਕੇ ਲੱਤਾਂ ਤੋਂ ਸਰਕਦੀ ਸਲਵਾਰ ਨੂੰ ਖਿਚਿਆ ਸੀ ਤੇਜੀ ਨੂੰ ਧੱਕਾ ਵੀ ਦਿਤਾ ਸੀ ਪਰ ਭਰਾ ਨਾਲੋਂ ਵੀ ਦੂਣੇ ਤੇਜੀ ਮੂਹਰੇ ਉਹ ਬਾਹਾਂ ਭੰਨਾ ਕੇ ਮੂੰਹ ਭਾਰ ਜਾ ਡਿਗੀ ਸੀ।

—ਕੀ ਦਾ ਕੀ ਹੋ ਗਿਆ ਸੀ ਤੇ ਉਹ ਜ਼ਾਰੋ ਜ਼ਾਰ ਰੋਣ ਜੋਗੀ ਹੀ ਰਹਿ ਗਈ ਸੀ। ਤੇ ਹੁਣ ਜਦੋਂ ਉਸ ਅੱਖ ਪੁਟੀ ਤਾਂ ਤੇਜੀ ਉਹਦੇ ਲਾਗ ਸੀ, "ਉਠ ਪੈ ਹੁਣ...ਦੇਖ ਦਿਨ ਕਿਥੇ [ਆ ਗਿਐ...ਧਾਰ ਚੋ ਲਿਆ...ਵੀਰ ਵੀ ਆਉਣ ਵਾਲੈ..." ਕਹਿੰਦਾ ਤੇਜੀ ਦਰੋਂ ਬਾਹਰ ਨੂੰ ਪਰਤ ਗਿਆ ਸੀ ਪਰ ਉਹਨੂੰ ਮੰਜੇ ਤੇ ਪਿਆ ਇੰਜ ਜਾਪਿਆ ਸੀ ਜਿਵੇਂ ਲੰਮੇ ਨੌਂਹਾਂ ਵਾਲੇ ਤੇਜੀ ਦੇ ਹੱਥ ਉਹਨੂੰ ਝਰੀਟਣ ਲਗੇ ਹੋਣ। ਉਸ ਦੱਬੀ ਲੇਰ ਮਾਰ ਕੇ ਮੂੰਹ ਰਜਾਈ ਵਿਚ ਲੁਕਾ ਲਿਆ.. ਹਟਕੋਰੇ ਭਰ ਭਰ ਰੋਣ ਲਗ ਪਈ...ਉਹਨੇ ਪੂਰੇ ਘਰ ਨੂੰ ਇਕ ਪਾਸੇ ਰਖ ਲਿਆ ਤੇ ਆਪਣੇ ਆਪ ਨੂੰ ਇਕ ਪਾਸੇ ਖੜ੍ਹੀ ਕਰਦਿਆਂ ਦਿਲ ਨਾਲ ਇਕ ਟੂਕ ਫੈਸਲਾ ਕਰ ਲਿਆ, "ਬਸ ਭਾਵੇਂ ਸਾਰਾ ਜੱਗ ਮੇਹਣੇ ਦੇਵੇ ਪਈ ਭਰਾ ਭਰਾ ਨੂੰ ਲੜਾ ਕੇ ਮਰਵਾ ਦਿਤੇ...ਬਸ ਕੇਰਾਂ ਫੈਸਲਾ ਹੋ ਜੂ...ਉਹ ਘਰੇ ਆਵੇ ਤਾਂ ਤੇਜੀ ਦੀ ਕਰਤੂਤ ਨੂੰ ਨੰਗਾ ਕਰੂੰ...ਇਹ ਤਾਂ ਨਿੱਤ ਨਿੱਤ ਮੂੰਹ ਮਾਰੂ—ਐਹੇ ਜੇ ਨੂੰ ਘਰ 'ਚ ਨੀ ਰਹਿਣ ਦਿੰਦੀ.. ਮੈਂ ਅਜੋ ਖੂਨ ਕਰਾ ਕੇ ਰਹੂੰ...ਦੇਖੀ ਸੁਣੀ ਜਾਊ ਫੇਰ..." ਫੈਸਲੇ ਕਰਦੀ ਉਹ ਪਈ ਰਹੀ।

"ਮਖਾਂ ਜੀ ਪੁਏ ਆਂ ਅਜੇ ਤਾਈਂ—ਸੁਖ ਤਾਂ ਐ..." ਦਰੋਂ ਬਾਹਰੋਂ ਹੀ ਉਹਦਾ ਪਤੀ ਬੋਲਿਆ ਤਾਂ ਉਹ ਆਪਣੇ ਆਪ ਵਿਚ ਹੋਰ ਸੁੰਘੜ ਗਈ। ਉਹਨੂੰ ਲਗਿਆ ਜਿਵੇਂ ਉਹ ਆਪਣੇ ਹੀ ਬੋਲਾਂ ਦੇ ਪਿਛਾੜੀ ਖੜਾ ਉਹਦੇ ਨਾਲ ਹੋਈ ਬੀਤੀ ਤੇ ਮੁਸ ਮੁਸ ਕਰ ਰਿਹਾ ਹੋਵੇ।—ਤੇ ਫਿਰ ਪਤਾ ਨਹੀਂ ਕੀ ਸੋਚ ਕੇ ਉਹ ਉਠ ਬੈਠੀ ਤੇ ਪਤੀ ਦੇ ਅੰਦਰ ਪੈਰ ਧਰਦਿਆਂ ਹੀ ਤਣ ਕੇ ਖੜਦੀ ਨੇ ਅਥਰਾਈਆਂ ਅੱਖਾਂ ਚੋਂ ਘੂਰ ਕੇ ਪਤੀ ਦੇ ਚਿਹਰੇ ਨੂੰ ਤਕਿਆ, ਉਹਨੂੰ ਲਗਿਆ ਜਿਵੇਂ ਨਿੱਤ ਵਾਲਾ ਚਿਹਰਾ ਕਈ ਹੋਰ ਚਿਹਰਿਆਂ ਵਿਚ ਖੜਾ ਉਹਦੇ ਤੇ ਹੱਸ ਰਿਹਾ ਹੋਵੇ, "ਐਹੀ ਖੇਹ ਮੇਰੇ ਮੂੰਹ ਪਾਣ ਲਈ ਤੁਰ ਗਏ ਤੀ...ਐਂ ਵੀ ਕੋਈ ਕਰਦਾ ਭਲਾ...ਅਸੀਂ ਏਹਦੇ ਤੋਂ ਜਾਨ ਦੇਈਏ...ਮੈਨੂੰ ਨੀ ਪਤਾ ਬਸ ਕੇਰਾਂ ਗੱਲ..." ਤੇ ਉਹਦੀਆਂ ਅੱਖਾਂ ਵਿਚਲਾ ਪਾਣੀ ਲਾਲੀ ਵਿਚ ਵਟਦਾ ਚਲੇ ਗਿਆ।

"ਓ ਹੋਇਆ ਕੀ ਆ ਭਲਾ...ਐਵੇਂ ਕਾਹਨੂੰ ਪਿਟਣ ਪਾਕੇ ਬਹਿਗੀਂ ਆਂ..." ਖੇਸ ਦੀ ਬੁਕਲ ਖੋਲ੍ਹਦਾ ਉਹ ਕੁਰਸੀ ਉਪਰ ਬੈਠ ਕੇ ਓਪਰੀ ਜੇਹੀ ਹੈਰਾਨਗੀ ਨਾਲ ਬੋਲਿਆ।

"ਤੇਜੀ ਨੂੰ ਪੁਛੋ ਭਲਾ ਰਾਤੀਂ ਕੀ ਕੀਤਾ ਈਹਨੇ ਮੇਰੇ ਨਾਲ.. ਮੈਨੂੰ ਕੀ ਸਾਰ ਤੀ...ਨਈਂ ਸੀਰਮੇ ਪੀ ਜਾਂਦੀ ਮਰ ਜਾਣੇ ਦੇ...ਭੌਰਾ ਲਹੂ ਵੀ ਹੇਠਾਂ ਡੁਲ੍ਹ ਜਾਂਦਾ ਤਾਂ..." ਤੇ ਉਹਦੀ ਗੱਲ ਸੁਣ ਕੇ ਪਤੀ ਦੋ ਘੜੀਆਂ ਜਿਵੇਂ ਦੰਦਾਂ ਹੇਠ ਜੀਭ ਦਬੀ ਸੋਚੀਂ ਲੱਥ ਗਿਆ। ਉਹਨੂੰ ਲਗਿਆ ਉਹਦਾ ਪਤੀ ਹੁਣੇ ਦਰਾਂ ਪਿਛਾੜੀ ਪਈ ਕਿਰਪਾਨ ਚੁਕੇਗਾ ਤੇ ਤੇਜੀ ਨੂੰ ਡਕਰੇ ਕਰਕੇ ਸੁਟ ਦੇਵੇਗਾ...ਉਹਦਾ ਪਤੀ ਉਹਨੂੰ ਪਿਆਰ ਵੀ ਤਾਂ ਕਿੰਨਾ ਕਰਦਾ ਸੀ।

"ਬਸ ਐਹੀ ਗੱਲ ਆ...ਲੈ ਕਮਲੀ ਨਾ ਹੋਵੇ ਤਾਂ...ਆਹ ਕੋਈ ਗੱਲ...ਮੈਂ ਖਿਹਾ ਪਤਾ ਨੀ ਕੀ ਉਠ ਬਹਿ ਗਿਆ..." ਤੇ ਜਦੋਂ ਉਹ ਪੋਲੇ ਮੂੰਹ ਬੋਲਿਆ ਤਾਂ ਜਿਵੇਂ ਉਹ ਅਸਲੋਂ ਫੂਕੀ ਗਈ ਹੋਵੇ।

"ਅਛਾ ਅਜੇ ਕੁਸ ਹੋਇਆ ਈ ਨੀ...ਕੋਈ ਨਾ ਵੇ...ਚੰਗਾ ਤੂੰ ਕਰਾ ਲੈ ਜੋ ਬਾਕੀ ਰਹਿੰਦੀ ਐ...ਮੈਂ ਕਰਦੀਆਂ ਉਹਨਾਂ ਜਣਦਿਆਂ ਕੋਲ ਚਲ ਕੇ ਗੱਲ—ਜਿਹਨਾਂ ਤੇਰੇ ਲੜ ਬੰਨਿਆਂ..." ਤੇ ਉਹਨੇ ਮੰਜੇ ਹੇਠ ਨੂੰ ਇੰਜ ਝੁਕ ਕੇ ਦੇਖਿਆ ਜਿਵੇਂ ਪੈਰੀਂ ਪਾਉਣ ਲਈ ਕੁਝ ਭਾਲਦੀ ਹੋਵੇ। ਤਦੇ ਉਹਦਾ ਪਤੀ ਉਠ ਕੇ ਅਗੇ ਵਧਿਆ ਤੇ ਉਹਨੇ ਜਿਵੇਂ ਉਹਨੂੰ ਬਾਹਾਂ ਵਿਚ ਲੈਣ ਲਈ ਹੱਥ ਅਗਾਂਹ ਵਧਾਏ ਪਰ ਉਹ ਹੱਥਾਂ ਨੂੰ ਝਟਕ ਕੇ ਦਰਾਂ ਨਾਲ ਪਿੱਠ ਜੋੜ ਕੇ ਖੜ ਗਈ।

"ਐਵੇਂ ਨੀ ਆਪਣੀ ਦਵਾ ਆਪ ਈ ਪੱਟੀ ਦੀ ਹੁੰਦੀ...ਘਰ ਦੀਓ ਗੱਲ ਆ ਕੋਈ ਓਪਰਾ ਨੀ...ਆਪਣਾ ਭਾਈ ਐ...ਸਾਲੀ ਏ ਇਹਨੂੰ ਤਾਂ ਸਗੋਂ ਹੱਥਾਂ 'ਚ ਰੱਖ...ਦੁਨੀਆਂ ਕੁੱਤੀ ਤਾਂ ਅਗੇ ਈ ਪਾੜਣ ਨੂੰ ਫਿਰਦੀ ਐ...ਨਹੀਂ ਛੋਡੇ ਦਾ ਕਲ੍ਹ ਨੂੰ ਅੱਧ ਵੰਡਾ ਕੇ ਬਹਿ ਗਿਆ ਤਾਂ ਸਾਡੇ ਪੱਲੇ ਛਣਕਣਾ ਰਹਿ ਜੂ...ਹੁਣ ਤਾਂ ਚੋਲੀਂ ਸਰਦੈ...ਤੇਰਾ ਕੀ ਟੁਟ ਕੇ ਜਾ ਪਿਆ...ਐਵੇਂ ਵਰ੍ਹੇ ਦਿਨਾਂ ਦੇ ਦਿਨ ਰੋਣ ਪਾਕੇ ਬਹਿਗੀ ਘਰ 'ਚ...ਚਲ ਲੀੜੇ ਲੂੜੇ ਪਾ ਲੈ ਫੇ ਮਾਘੀ ਦੇਖਣ ਜਾਣੈ." ਆਖਦਿਆਂ ਪਤੀ ਨੇ ਪੋਲੇ ਜਿਹੇ ਉਹਦੇ ਮੋਢੇ ਤੇ ਹੱਥ ਧਰਦਿਆਂ ਜਿਵੇਂ ਮਚਦੇ ਕਾਲਜੇ ਤੇ ਪਾਣੀ ਦਾ ਘੜਾ ਲੁੱਦਣਾ ਚਾਹਿਆ ਸੀ। ਤੇ ਪਤੀ ਦੇ ਬੋਲਾਂ ਨੂੰ ਸੁਣ ਉਹ ਭੁਬਲ ਮਿੱਟੀ ਵਾਂਗ ਮੰਜੇ ਤੇ ਜਾ ਡਿਗੀ ਸੀ ਤੇ ਉਹਦਾ ਪਤੀ ਦਰ ਖੋਲ੍ਹ ਕੇ ਬਾਹਰ ਨੂੰ ਤੁਰ ਗਿਆ ਸੀ।

—ਤੇ ਹੁਣ ਦੀ ਘੜੀ ਜਦੋਂ ਉਹਨੇ ਰੱਜ ਕੇ ਰੋ ਲਿਆ ਸੀ ਉਹ ਰਤਾ ਕੁ ਸੰਭਲ ਕੇ ਉਠੀ...ਆਪਣੇ ਆਪ ਉਹਦੇ ਕਦਮ ਅਗਾਂਹ ਵਲ ਸਰਕੇ...ਅਲਮਾਰੀ ਵਿਚ ਪਈ ਘੜੀ ਗੁੱਟ ਤੇ ਬੰਨ੍ਹੀ ਤੇ ਦਰਾਂ ਵਲ ਵਧੀ...ਤਦੇ ਉਹਨੇ ਰੁਕ ਕੇ ਪਿਛਾਂਹ ਕੰਧ ਤੇ ਲਟਕਦੀ ਘੜੀ ਵਲ ਦੇਖਿਆ...ਪਿਛਲੇ ਪੈਰੀਂ ਮੁੜ ਆਈ...ਕੁਰਸੀ ਤੇ ਚੜ੍ਹ ਕੇ ਜਦੋਂ ਉਹਨੇ ਅਟਕੀਆਂ ਸੂਈਆਂ ਨੂੰ ਅਗਾਂਹ ਪਿਛਾਂਹ ਕੀਤਾ ਤਾਂ ਉਹਨੂੰ ਇੰਜ ਲਗਿਆ ਜਿਵੇਂ ਪੂਰੇ ਅੰਦਰ ਕੋਈ ਤ੍ਰਾਰ ਥਰਥਰਾ ਗਈ ਹੋਵੇ। ਉਹ ਇਕ ਬਿੰਦ ਵੀ ਨਾ ਖੜ੍ਹੀ...। ਸਹਿਜ ਨਾਲ ਵਿਹੜੇ ਵਿਚ ਆ ਗਈ...ਚੁਲ੍ਹੇ ਲਾਗ ਬੈਠੇ ਪਤੀ ਨੂੰ ਉਸ ਟੇਢੀ ਨਜ਼ਰੇ ਦੇਖਿਆ...ਤੇਜੀ ਮੱਝ ਦੀ ਧਾਰ ਚੋਂਦਾ ਪਿਆ ਸੀ...ਤੇ ਉਹਨੇ ਬਾਹਰਲੇ ਦਰ 'ਚ ਖੜ ਪਿਛਾਂਹ ਪਰਤ ਕੇ ਰੌਂਹ ਨਾਲ ਸਾਰੇ ਘਰ ਨੂੰ ਨਿਹਾਰਿਆ ਤੇ ਥੁੱਕ ਕੇ ਕਾਹਲੀ ਨਾਲ ਤੁਰ ਪਈ ... ਤੇ ਫਿਰ ਜਿਵੇਂ ਮਹਿਕਾ ਭਰੀ ਸਟੇਸ਼ਨ ਦੀ ਫਿਜ਼ਾ ਨੇ ਹੀ ਉਹਦੇ ਬੋਲ ਬੋਚੇ, "ਇਕ ਟਿਕਟ ਰਾਮਪੁਰਾ..."

o

# ਕੁਝ ਸੂਚਨਾਵਾਂ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ 28 ਮਈ 1978 ਨੂੰ ਹੋਈ ਸਲਾਨਾ ਬੈਠਕ ਵਿਚ ਹੇਠ ਲਿਖੇ ਅਹੁਦੇਦਾਰ ਸਰਬ ਸੰਮਤੀ ਨਾਲ ਚੁਣੇ ਗਏ।

ਪ੍ਰਧਾਨ:- ਅਜਮੇਰ ਰੋਡੇ - 438-7793
ਸਕੱਤਰ:- ਸੁਖਵੰਤ ਹੁੰਦਲ - 321-9221
ਅਰਥ ਸਕੱਤਰ:- ਸ਼ਮਸ਼ੇਰ ਭੱਟੀ - 327-2029

ਐਗਜ਼ੈਕਟਿਵ ਕਮੇਟੀ ਦੇ ਮੈਂਬਰ:-
ਹਰਜੀਤ ਦੌਧਰੀਆ:- 585-7734
ਕੁਲਵੰਤ ਸੰਘਾ:- 591-1985

---

ਫਰੇਜ਼ਰ ਵੈਲੀ ਈਸਟ ਇੰਡੀਅਨ ਕੈਨੇਡੀਅਨ ਐਸੋਸੀਏਸ਼ਨ 1978 ਦੀ ਮੈਨੇਜਿੰਗ ਕਮੇਟੀ:-

ਪ੍ਰੈਜ਼ੀਡੈਂਟ:- ਬਚਨ ਸਿੰਘ ਘੁੱਟਰ - 594-3037
ਵਾਇਸ ਪ੍ਰੈਜ਼ੀਡੈਂਟ:- ਚੈਨ ਸਿੰਘ ਜੌਹਲ - 594-3879
ਸੈਕਟਰੀ:- ਜਿਤਿੰਦਰ ਸਿੰਘ ਮਾਂਗਟ - 594-2254
ਜੁਆਇੰਟ ਸੈਕਟਰੀ:- ਰਜਿੰਦਰ ਸਿੰਘ ਸਮਰਾ
ਕੈਸ਼ੀਅਰ:- ਸੁਖਦੇਵ ਸਿੱਧੂ - 591-2308
ਮੀਤ ਕੈਸ਼ੀਅਰ:- ਹਰਮੇਲ ਸਿੰਘ - 946-4817

---

ਇੰਡੀਆ ਕਲੱਬ ਵੈਨਕੂਵਰ ਦੀਆਂ 30 ਅਪ੍ਰੈਲ 1978 ਨੂੰ ਹੋਈਆਂ ਚੋਣਾਂ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ।

ਪ੍ਰੈਜ਼ੀਡੈਂਟ :- ਕ੍ਰਿਸ਼ਨ ਸੈਣੀ
ਵਾਇਸ ਪ੍ਰੈਜ਼ੀਡੈਂਟ:- ਕੁਲਭੂਸ਼ਨ ਕੁਮਾਰ
ਸੈਕਟਰੀ :- ਗੋਪ ਸ਼ਿਵਾ
ਟਰੈਜ਼ਰਰ :- ਮੋਹਨ ਗਰੇਵਾਲ

ਡਾਇਰੈਕਟਰਜ਼:-
ਮਿਸਿਜ਼ ਮਧੂ ਵਾਰਸ਼ਨੇ
ਡਾਕਟਰ ਮਨੋਹਰ ਸਿੰਘ
ਮਿਸਟਰ ਅੰਬਾ ਸ਼ਰਮਾ

---

ਨੈਸ਼ਨਲ ਐਸੋਸੀਏਸ਼ਨ ਆਫ ਕੈਨੇਡੀਅਨਜ਼ ਔਰੀਜਨ ਇਨ ਇੰਡੀਆ ਬੀ.ਸੀ. ਚੈਪਟਰ 1978 ਦੀ ਐਗਜ਼ੈਕਟਿਵ ਕਮੇਟੀ (NACOI)

ਚੇਅਰਮੈਨ:- ਨਿਰਮਲ ਸਿੰਘ ਵਿਆਸ:- 263-6041
ਵਾਈਸ ਚੇਅਰਮੈਨ:- ਜਿਤਿੰਦਰ ਸਿੰਘ ਮਾਂਗਟ:-594-2254
ਸੈਕਟਰੀ:- ਬਲੌਰ ਤਿਲਕ:- 684-3838
ਖਜ਼ਾਨਚੀ:- ਗੁਰਦਿਆਲ ਸਿੰਘ ਸਾਂਗਰਾ: 435-1318

---

## ਬੀ. ਸੀ. ਸਮਰ ਗੇਮਜ਼ 1978

ਬੀ. ਸੀ. ਵਿਚ ਪਹਿਲੀ ਵਾਰ ਸਮਰ ਗੇਮਜ਼ - PEN ਵਿਚ ਅਗਸਤ 17, 18, 19 ਅਤੇ 20 ਤਰੀਕ ਨੂੰ ਹੋ ਰਹੀਆਂ ਹਨ। ਜਿਸ ਵਿਚ ਗਰਾਸ ਹਾਕੀ, ਸਾਕਰ, ਟੈਨਿਸ ਸਵਿਮਿੰਗ ਆਦਿਕ ਖੇਡਾਂ ਹੋਣਗੀਆਂ। ਬੀ. ਸੀ. ਦੇ ਅੱਠ ਜ਼ੋਨਾਂ ਵਿਚੋਂ ਹਰ ਜ਼ੋਨ ਦੇ ਲੋਕ ਇਸ ਵਿਚ ਹਿੱਸਾ ਲੈਣਗੇ। ਇਸ ਵਿਚ ਹਿੱਸਾ ਲੈਣ ਵਾਲੇ ਵਿਅਕਤੀਆਂ ਅਤੇ ਟੀਮਾਂ ਦਾ ਖਰਚਾ ਬੀ. ਸੀ. ਸਪੋਰਟਸ ਕਮੇਟੀ ਦੇਵੇਗੀ। ਹਰ ਇਕ ਜ਼ੋਨ ਵਿਚ "ਪਲੇ ਆਫ" ਦੀਆਂ ਗੇਮਾਂ ਜੂਨ ਵਿਚ ਹੋਣਗੀਆਂ। ਇਸ ਲਈ ਪੰਜਾਬੀ ਵਿਅਕਤੀਗਤ ਤੌਰ ਤੇ ਜਾਂ ਟੀਮ ਜਾਂ ਕਲੱਬ ਦੇ ਤੌਰ ਤੇ ਇਹਨਾਂ ਖੇਡਾਂ ਵਿਚ ਹਿੱਸਾ ਲੈਣਾ ਚਾਹੁੰਦੇ ਹੋਣ ਤਾਂ ਹੋਰ ਜਾਣਕਾਰੀ ਲਈ ਉਹ ਜਿਤਿੰਦਰ ਸਿੰਘ ਮਾਂਗਟ ਨੂੰ 594-2254 ਤੇ ਫੋਨ ਕਰ ਸਕਦੇ ਹਨ। ਜਿਨ੍ਹਾਂ ਦਾ ਪਤਾ ਹੈ- 13081 ENGLISH PLACE, SURREY, B.C.

# ਰਿਪੋਰਟ

– ਰਣਜੀਤ ਧੀਰ

ਇਸ ਸਾਲ ਦੀ (ਅੱਠਵੀਂ) ਸਰਬ ਬਰਤਾਨੀਆਂ ਪੰਜਾਬੀ ਲੇਖਕ ਕਾਨਫਰੰਸ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰੇਟ ਬ੍ਰਿਟਨ) ਸਾਊਥਾਲ ਬਰਾਂਚ ਵਲੋਂ 29-30. ਅਪ੍ਰੈਲ ਨੂੰ ਸਾਊਥਾਲ ਵਿਖੇ ਕਰਵਾਈ ਗਈ ਜਿਸ ਵਿਚ ਬਰਤਾਨੀਆਂ ਭਰ ਦੇ ਪੰਜਾਬੀ ਲਿਖਾਰੀਆਂ ਅਤੇ ਵਿਚਾਰਵਾਨਾਂ ਨੇ ਹਿੱਸਾ ਲਿਆ। ਪਹਿਲਾ ਸੈਸ਼ਨ ਸ਼ਨਿਚਰਵਾਰ 29 ਅਪ੍ਰੈਲ ਨੂੰ ਲੈਂਕਾਸਟਰ ਰੋਡ ਤੇ ਸਥਿਤ ਸੇਂਟ ਜੋਰਜ ਹਾਲ ਵਿਚ ਹੋਇਆ। ਜਿਸ ਵਿਚ "ਬਰਤਾਨੀਆਂ ਵਿਚ ਪੰਜਾਬੀ ਸਾਹਿਤ ਦੇ ਭਵਿੱਖ" ਵਿਸ਼ੇ ਤੇ ਤਰਸੇਮ ਨੀਲਗਿਰੀ ਨੇ ਪਰਚਾ ਪੜ੍ਹਿਆ। ਇਸ ਸੈਸ਼ਨ ਦੀ ਪ੍ਰਧਾਨਗੀ ਕੇਂਦਰੀ ਸਭਾ ਦੇ ਮਿਹਰ ਸਿੰਘ ਨੇ ਕੀਤੀ ਅਤੇ ਮੰਚ ਸਕੱਤਰ ਲੈਸਟਰ ਸਭਾ ਦੇ ਅਵਤਾਰ ਸਾਦਿਕ ਸਨ। ਪਾਕਿਸਤਾਨ ਤੋਂ ਬਰਤਾਨੀਆਂ ਕੁੱਝ ਸਮੇਂ ਲਈ ਆਏ ਪੰਜਾਬੀ ਲੇਖਕ ਅਤੇ ਆਲੋਚਕ ਸ੍ਰੀ ਸਲੀਮ ਖਾਨ ਗਿੱਮੀ ਵੀ ਵਿਸ਼ੇਸ਼ ਸੱਦੇ ਤੇ ਇਸ ਸੈਸ਼ਨ ਵਿਚ ਸ਼ਾਮਲ ਹੋਏ।

ਸ੍ਰੀ ਸਲੀਮ ਖਾਨ ਗਿੱਮੀ ਨੇ ਪਾਕਿਸਤਾਨ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਦੀ ਹਾਲਤ ਸਬੰਧੀ ਬੋਲਦਿਆਂ ਦੱਸਿਆ ਕਿ ਇਸ ਸਮੇਂ ਮੁਲਤਾਨ, ਪਿੰਡੀ ਅਤੇ ਲਾਹੌਰ ਆਦਿ ਰੇਡੀਓ ਸਟੇਸ਼ਨਾਂ ਤੋਂ ਪ੍ਰਸਾਰਿਤ ਹੁੰਦੇ ਪ੍ਰੋਗਰਾਮਾਂ ਦਾ 40 ਪ੍ਰਤੀਸ਼ਤ ਹਿੱਸਾ ਪੰਜਾਬੀ ਵਿਚ ਹੁੰਦਾ ਹੈ। ਇਸ ਤੋਂ ਬਿਨਾਂ ਕਈਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਦੀ ਐਮ. ਏ. ਅਤੇ ਪੀ. ਐਚ. ਡੀ. ਤੀਕ ਦੀ ਪੜ੍ਹਾਈ ਦਾ ਪ੍ਰਬੰਧ ਹੈ।

ਪਰਚੇ ਤੇ ਬਹਿਸ ਸ਼ੁਰੂ ਕਰਦਿਆਂ ਸ੍ਰੀ ਰਘਬੀਰ ਢੰਡ ਨੇ ਕਿਹਾ ਕਿ, "ਮੈਂ ਪਰਚੇ ਨਾਲ ਬਿਲਕੁਲ ਸਹਿਮਤ ਨਹੀਂ ਕਿਉਂਕਿ ਤਰਸੇਮ ਨੇ ਪੱਖਪਾਤ ਤੋਂ ਕੰਮ ਲਿਆ ਹੈ। ਮੈਨੂੰ ਹੈਰਾਨੀ ਹੈ ਕਿ ਪ੍ਰੋਗਰੈਸਿਵ ਸਟੇਜ ਤੋਂ ਗੈਰ-ਪ੍ਰੋਗਰੈਸਿਵ ਪਰਚੇ ਪੜ੍ਹੇ ਜਾਂਦੇ ਹਨ। ਹਰਭਜਨ ਵਿਰਕ ਨੇ ਵੀ ਕਿਹਾ ਕਿ ਪਰਚੇ ~~ਵਿਚ~~ ਖਾਮੀਆਂ ਪਾਈਆਂ ਗਈਆਂ ਹਨ। ਅਤੇ ਸਾਹਿਤ ਦੇ ਸਮਾਜੀ ਪੱਖ ਤੇ ਗੱਲ ਨਹੀਂ ਕੀਤੀ। ਹਰਜੀਤ ਦੌਧਰੀਏ ਨੇ ਪਰਚੇ ਤੇ ਇਕ ਕਵਿਤਾ ਪੜ੍ਹੀ ਜਿਸਦੀ ਕਿਸੇ ਨੂੰ ਸਮਝ ਨਹੀਂ ਆਈ। ਰਣਜੀਤ ਧੀਰ ਨੇ ਕਿਹਾ ਕਿ ਰਘਬੀਰ ਢੰਡ ਆਪ ਤਾਂ ਤਰਸੇਮ ਉਤੇ ਪੱਖ ਪਾਤ ਦਾ ਦੋਸ਼ ਲਾਉਂਦਾ ਹੈ ਪਰ ਖੁਦ ਹੀ ਦੋਸਤਾਂ ਮਿੱਤਰਾਂ ਦੇ ਨਾਂ ਲੈਕੇ ਉਹੋ ਕੁੱਝ ਆਪ ਕਰਦਾ ਹੈ। ਰਣਜੀਤ ਧੀਰ ਨੇ ਕਿਹਾ ਕਿ "ਢੰਡ" ਚੰਗਾ ਕਹਾਣੀਕਾਰ ਹੈ ਅਤੇ ਮੈਨੂੰ ਅਫਸੋਸ ਹੈ ਕਿ ਉਹ ਨਾਵਾਂ ਦੇ ਚੱਕਰ ਵਿਚ ਉਲਝ ਕੇ ਰਹਿ ਗਿਆ ਹੈ"। ਤਰਸੇਮ ਅਲਨ ਨੇ ਕਿਹਾ ਕਿ ਤਰਸੇਮ ਮਤਵਾਲਾ ਲੇਖਕ ਹੈ ਅਤੇ ਕੈਨੇਡਪੁਰੀ ਦੇ ਸੈਕਸ ਲੇਖਾਂ ਤੋਂ ਪ੍ਰਭਾਵਿਤ ਹੈ। ਸਾਥੀ ਲੁਧਿਆਣਵੀ ਦਾ ਵਿਚਾਰ ਸੀ ਕਿ ਅਸੀਂ ਗਰੀਬੀ ਵਿਚ ਨਹੀਂ ਜਾਂਦੇ ਅਤੇ ਸਾਹਿਤ ਸਾਡੇ ਲਈ ਇਕ ਅਯਾਸ਼ੀ ਹੈ। ਸੰਤੋਖ ਸਿੰਘ ਸੰਤੋਖ ਨੇ ਕਿਹਾ ਕਿ ਹਰ ਪਰਚੇ ਵਿਚ ਪੱਖ ਪਾਤ ਹੁੰਦਾ ਹੈ ਪਰ ਇਹ ਪਰਚਾ ਪੰਜਾਬੀ ਸਾਹਿਤ ਬਾਰੇ ਨਹੀਂ, ਪੰਜਾਬੀ ਲੇਖਕਾਂ ਬਾਰੇ ਹੈ। ਮੋਹਨ ਸਿੰਘ ਕੁੱਕੜਪਿੰਡੀਏ ਦਾ ਵਿਚਾਰ ਸੀ ਕਿ ਪਰਚਾ ਸਿੱਧੀ ਸਾਦੀ ਬੋਲੀ ਵਿਚ ਹੈ ਪਰ ਕਾਹਲੀ ਨਾਲ ਲਿਖਿਆ ਹੋਇਆ ਹੈ। ਅਵਤਾਰ ਜੰਡਿਆਲਵੀ ਦਾ ਮਤ ਸੀ ਕਿ ਪਰਚਾ ਲਿਖਣ ਵਾਲਾ ਚੰਗਾ ਗੱਲ ਨੂੰ ਕੇਵਲ ਆਰੰਭ ਕਰਦਾ ਹੈ ਅਤੇ ਉਸਨੂੰ ਨਿਖਾਰਨਾ ਬਹਿਸ ਕਰਨ ਵਾਲਿਆਂ ਦਾ ਕੰਮ ਅਤੇ ਪਰਚਾ ਲਿਖਣ ਵਾਲਾ ਤਰਸੇਮ ਵਧਾਈ ਦਾ ਹੱਕਦਾਰ ਹੈ। ਸਵਰਨ ਚੰਦਨ ਦਾ ਖਿਆਲ ਸੀ ਕਿ ਪਰਚੇ ਨੂੰ ਗਲਤ ਕਹਿਣਾ ਸਹੀ ਨਹੀਂ। ਦਸਾਂ ਸਾਲਾਂ ਵਿਚ ਹਰ ਕਾਨਫਰੰਸ ਸਮੇਂ ਪੱਖਪਾਤ ਹੋਇਆ ਹੈ। ਪਰ ਇਸ ਪਰਚੇ ਦੀ ਕਮਜ਼ੋਰੀ ਇਹ ਹੈ ਕਿ ਕਈਆਂ ਵਿਅਕਤੀਆਂ ਦਾ ਇਸ ਵਿਚ ਜ਼ਿਕਰ ਨਹੀਂ ਹੋਇਆ ਕਿਉਂਕਿ ਉਨ੍ਹਾਂ ਦਾ ਭਵਿੱਖ ਨਾਲ ਕੋਈ ਤੁਅੱਲਕ ਨਹੀਂ। ਨਿਰੰਜਨ ਨੂਰ ਨੇ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਤਰਸੇਮ "ਸਿਖਰ ਸੰਤੋਖ" ਅਤੇ "ਮਦਨ ਭਤੀ" ਉਤੇ ਚੁੱਪ ਹੈ ਅਤੇ ਉਸ ਕੋਲੋਂ ਚੰਗਿਆਈ ਦੀ ਆਸ ਨਹੀਂ ਕੀਤੀ ਜਾ ਸਕਦੀ। ਰਘਬੀਰ ਮਹਿਮੂਦਪੁਰੀ ਨੇ ਕਿਹਾ ਕਿ ਬਹਿਸ ਵਿਚ ਗੱਲ ਦੀ ਏਹੀ ਘਾਟੀ ਸੀ ਕਿ ਕਿਉਂ ਭਵਿੱਖ ਪੇਸ਼ ਨਹੀਂ ਹੋਏ। ਸ੍ਰੀ ਸਾਥਨਾ ਨੇ ਕਿਹਾ ਕਿ ਇਸੇ ਪਰਚੇ ਨੇ ਕਾਂਟਰੋਵਰਸੀ ਪੈਦਾ ਕੀਤੀ ਹੈ। ਸ਼ੇਰ ਜੰਗ ਜਾਂਗਲੀ ਨੇ ਕਿਹਾ ਕਿ ਕਈ ਭਵਿੱਖ ਵਿਚ ਜੋੜੇ ਵਿਚ ਬਣੇ, ਉਨ੍ਹਾਂ ਬਾਰੇ ਨਹੀਂ ਲਿਖਿਆ ਗਿਆ। ਸ਼ੇਰ ਜੰਗ ਨੇ ਇਹ ਵੀ ਕਿਹਾ ਕਿ ਮੇਰੀ ਵੀ ਖਾਹਿਸ਼ ਹੈ ਕਿ ਮੈਂ ਵੀ ਚੰਗਾ ਲਿਖਾਂ ਅਤੇ ਨਾਲ ਹੀ ਰਘਬੀਰ ਢੰਡ ਵਾਂਗ ਮੈਂ ਆਪਣੀ ਲਿਖਤ ਦੀ ਆਪ ਹੀ ਵਕਾਲਤ ਕਰ ਸਕਾਂ। ਮੁਖ਼ਤਾਰ ਸਿੰਘ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਮੈਂ ਕੋਈ ਕਹਾਣੀ ਨਕਸਲਵਾਦ ਬਾਰੇ ਨਹੀਂ ਲਿਖੀ ਪਰ ਮੇਰਾ ਨਾਂ ਫਿਰ ਵੀ ਸਾਰੇ ਪਰਚੇ ਵਿਚ ਲਿਖਿਆ ਹੈ। ਸ਼ਾਇਦ ਇਸ ਲਈ ਕਿ ਮੈਂ ਤੇ ਤਰਸੇਮ ਇਕੱਠੇ ਬੀਅਰ ਪੀਂਦੇ। ਕਾਮਰੇਡ ਅਵਤਾਰ ਨੇ ਕਿਹਾ ਕਿ ਅੱਜ ਦਾ ਮਸਲਾ "ਸਿਖਰ ਸੰਤੋਖ" ਦਾ ਨਹੀਂ। ਮਾਣੀ ਦਾ ਵਿਚਾਰ ਸੀ ਕਿ ਅਸੀਂ ਆਪ ਤਾਂ ਜਾਤ ਪਾਤ ਛੱਡਦੇ ਨਹੀਂ ਪਰ ਫਿਰ ਵੀ

ਨਸਲਵਾਦ ਦਾ ਸਾਮ੍ਹਣਾ ਜ਼ਰੂਰ ਸਾਉਂਦੇ ਹਾਂ। ਅਵਤਾਰ ਸਾਹਿਰ ਦਾ ਵਿਚਾਰ ਸੀ ਕਿ ਲੇਬਰ ਇਸ ਗੱਲ ਦਾ ਫਰਕ ਹੀ ਨਹੀਂ ਕਰਦਾ ਕਿ ਕੇਵਲ ਪ੍ਰਗਤੀਵਾਦੀ ਲੋਕ ਹੈ।

ਰਾਤ ਦੇ ਸੈਸ਼ਨ ਵਿਚ ਕਵੀ ਦਰਬਾਰ ਅਤੇ ਡਰਾਮੇ ਦਾ ਪ੍ਰਬੰਧ ਸੀ। ਜਿਸ ਦੀ ਪ੍ਰਧਾਨਗੀ ਬਜ਼ੁਰਗ ਕਾਮਰੇਡ ਲੱਖਾ ਸਿੰਘ ਜੌਹਰ ਅਤੇ ਇੰਡੀਅਨ ਵਰਕਰਜ਼ ਐਸੋਸੀ-ਏਸ਼ਨ ਦੇ ਪ੍ਰਧਾਨ ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਨੇ ਕੀਤੀ। ਈਲਿੰਗ ਕੌਂਸਲ ਦੇ ਡਿਪਟੀ ਮੇਅਰ ਕੌਂਸਲਰ ਹੈਨਵੇਰ ਵੀ ਸਟੇਜ ਤੇ ਹਾਜ਼ਰ ਸਨ। ਇਸ ਸੈਸ਼ਨ ਵਿਚ ਮੋਹਨ ਸਿੰਘ ਤੈਸ਼ਾਦਾ ਵੈਧਗੀਆ, ਨੂਰ, ਸਾਹਿਰ, ਵਿਜੇਤ ਸ਼ਰਮਾ, ਮਲਕੀਤ ਸਿੰਘ ਵਿਰਦੀ, ਚਰਨ, ਮੋਹਨ ਸਿੰਘ ਕੁੱਕੜਪਿੰਡੀਆ, ਮਹਿਰਾਜ਼ ਅਜ਼ਾਦ, ਮਿਸਿਜ਼ ਗਿੱਲ ਅਤੇ ਪਾਲਸੇ ਹੁਰਾਂ ਨੇ ਕਵਿਤਾਵਾਂ ਸੁਣਾਈਆਂ। ਕੇਂਦਰੀ ਕਮੇਟੀ ਦੇ ਸਕੱਤਰ ਸ੍ਰੀ ਗੁਰਨਾਮ ਸਿੰਘ ਢਿੱਲੋਂ ਨੇ ਸਭਾ ਦੀ ਵਾਰਸ਼ਿਕ ਰਿਪੋਰਟ ਪੜ੍ਹੀ। ਸਾਊਥਾਲ ਦੇ ਸਕੱਤਰ ਨੇ ਭਾਰਤ ਕੈਨੇਡਾ ਅਤੇ ਬਰਤਾਨੀਆਂ ਤੋਂ ਆਏ ਸ਼ੁਭ ਕਾਮਨਾਵਾਂ ਦੇ ਸੰਦੇਸ਼ ਪੜ੍ਹ ਕੇ ਸੁਣਾਏ।

ਇਸ ਸੈਸ਼ਨ ਦੇ ਅਖੀਰ ਵਿਚ ਬਰੈਂਟਸਾਇਡ ਥੀਏਟਰ ਗਰੁੱਪ ਦੇ ਅੰਗਰੇਜ਼ ਮੁੰਡੇ ਕੁੜੀਆਂ ਨੇ ਨਸਲਵਾਦ ਵਿਰੁੱਧ ਇਕ ਡਰਾਮਾ "DIVIDE AND RULE BRITANNIA" ਪੇਸ਼ ਕੀਤਾ। ਜਿਸ ਦੀ ਭੂਮਿਕਾ ਵਿਚ ਅਖੀਰਲੇ ਸੀਨ ਵੇਲੇ ਦਰਸ਼ਕਾਂ ਨੇ ਡਰਾਮੇ ਦੀ ਟੋਲੀ ਨਾਲ ਰਲ ਕੇ ਗਿੱਧਾ ਪਾਇਆ। ਇਸ ਤੋਂ ਬਾਅਦ ਲੰਡਨ ਤੋਂ ਬਾਹਰੋਂ ਆਏ ਅਤੇ ਸਥਾਨਕ ਸਾਹਿਤਕਾਰਾਂ ਦੇ ਮਾਣ ਵਿਚ "ਪਾਕੀਜ਼ਾ" ਹੋਟਲ ਦੇ ਬੈਂਕੁਇਟਿੰਗ ਹਾਲ ਵਿਚ ਖਾਣ ਪੀਣ ਦਾ ਪ੍ਰਬੰਧ ਸੀ। ਖਾਂਦਿਆਂ ਪੀਂਦਿਆਂ ਦੀ ਮਹਿਫਲ ਤੜਕੇ 2 ਵਜੇ ਤੱਕ ਚਲਦੀ ਰਹੀ ਅਤੇ ਡਰਾਮੇ ਟੋਲੀ ਦੇ ਪੈਗੀ ਕੈਥਲੀਨ ਅਤੇ ਲੋਰਨਾਂ ਤੋਂ ਬਿਨਾਂ ਪ੍ਰਕਾਸ਼ ਅਜ਼ਾਦ, ਕਰਨੈਲ ਸਿੰਘ, ਨੂਰ ਪੁਰੇਵਾਲ ਆਦਿ ਨੇ ਗੀਤ ਸੁਣਾਏ।

ਬੀਤੀ ਰਾਤ ਨੂੰ ਦੋ ਵਜੇ ਤੀਕ ਜਾਗਣ ਬਾਅਦ ਵੀ ਐਤਵਾਰ ਦੇ ਸੈਸ਼ਨ ਵਾਸਤੇ ਸਭ ਲਿਖਾਰੀ ਸਾਢੇ ਦਸ ਵਜੇ ਸਵੇਰੇ ਹਾਲ ਵਿਚ ਪਹੁੰਚੇ ਹੋਏ ਸਨ। ਇਸ ਮੌਕੇ ਤੇ ਨਿਰੰਜਨ ਨੂਰ ਨੇ "ਬਰਤਾਨਵੀ ਵਿਦਿਅਕ ਢਾਂਚੇ ਵਿਚ ਨਸਲਵਾਦ ਅਤੇ ਰੰਗਦਾਰ ਸਾਹਿਤਕਾਰ ਦਾ ਰੋਲ" ਵਿਸ਼ੇ ਤੇ ਪਰਚਾ ਪੜ੍ਹਿਆ। ਬਹਿਸ ਆਰੰਭ ਕਰਦਿਆਂ ਸੁਰਿੰਦਰ ਢਿੱਲੋਂ ਨੇ ਪਰਚੇ ਦੀ ਪ੍ਰਸੰਸਾ ਕੀਤੀ। ਸਵਰਨ ਚੰਦਨ ਨੇ ਕਿਹਾ ਕਿ ਪਰਚਾ ਮਿਹਨਤ ਨਾਲ ਲਿਖਿਆ ਗਿਆ ਹੈ। ਤਰਸੇਮ ਨੀਲਗਿਰੀ ਨੇ ਕਿਹਾ ਕਿ ਨੂਰ ਨੂੰ ਇਤਿਹਾਸ ਦੀ ਸਮਝ ਨਹੀਂ ਅਤੇ ਨਸਲਵਾਦ ਪੁਰਾਤਨ ਸਮਿਆਂ ਵਿਚ ਵੀ ਸੀ। ਰਘਬੀਰ ਚੰਦ ਦਾ ਮਤ ਸੀ ਕਿ ਪਰਚਾ ਬਹੁਤ ਵਧੀਆ ਹੈ। ਸ੍ਰੀ ਮਤੀ ਅੰਮ੍ਰਿਤਾ ਸੁਰਿੰਦਰ ਮੋਹਨ ਨੇ ਪਰਚੇ ਨਾਲ ਸਹਿਮਤੀ ਪ੍ਰਗਟ ਕੀਤੀ। ਅਤੇ ਸੁਝਾਅ ਦਿੱਤਾ ਕਿ ਅਵਾਸੀ ਸਾਥਿਆਂ ਨੂੰ ਇਸ ਬਾਰੇ ਨਾਲ ਲਿਆ ਜਾਵੇ। ਅਵਤਾਰ ਸਾਹਿਰ ਦਾ ਵਿਚਾਰ ਸੀ ਕਿ ਸਾਰੀ ਲੜਾਈ ਦੋ ਕਲਚਰਾਂ ਵਿਚਾਲੇ ਹੈ ਅਤੇ ਅਸੀਂ ਇਹ ਵੇਖਣਾ ਹੈ ਕਿ DOMINANT ਕਲਚਰ ਸਾਡੇ ਤੇ ਕੀ ਅਸਰ ਪਾਉਂਦਾ ਹੈ। ਰਣਜੀਤ ਧੀਰ ਨੇ ਕਿਹਾ ਕਿ ਪਰਚਾ ਕਈ ਪੱਖਾਂ ਤੋਂ ਅਵਾਸੀ ਸਾਥਿਆਂ ਨੂੰ ਕਈ ਤਰ੍ਹਾਂ ਦੀ ਜ਼ਰੂਰੀ ਜਾਣਕਾਰੀ ਦਿੰਦਾ ਹੈ। ਅਤੇ ਇਸ ਨੂੰ ਛਪਾ ਕੇ ਅਵਾਸੀਆਂ ਵਿਚ ਵੰਡਣਾ ਚਾਹੀਦਾ ਹੈ, ਪਰ ਇਸ ਵਿਚ ਅੰਗਰੇਜ਼ੀ ਦੀਆਂ ਟੂਕਾਂ ਨੂੰ ਜ਼ਰੂਰੀ ਪੰਜਾਬੀ ਵਿਚ ਉਲਥਾ ਕੇ ਦੇਣਾ ਚਾਹੀਦਾ ਹੈ। ਕਾਮਰੇਡ ਅਵਤਾਰ ਨੇ ਕਿਹਾ ਕਿ ਪਰਚਾ ਬਹੁਤ ਸੰਤੁਲਿਤ ਹੈ। ਪਰ ਗੁਰਦੀਪ ਮੁੱਠੇ ਦਾ ਮੱਤ ਸੀ ਕਿ ਪਰਚੇ ਵਿਚ ਖਾਮੀਆਂ ਹੀ ਹਨ। ਪਰਵਾਜ਼ ਰਲ ਨੇ ਤਰਸੇਮ ਨੀਲਗਿਰੀ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਨਸਲਵਾਦ ਦਾ ਆਰੰਭ ਭਾਰਤ ਤੋਂ ਹੋਇਆ ਅਤੇ ਨੂਰ ਨੇ ਬਹੁਤ ਗਲਤ ਗੱਲਾਂ ਲਿਖੀਆਂ ਹਨ। ਇਸ ਬਹਿਸ ਤੋਂ ਬਾਅਦ ਚਾਹ ਪਿਆ ਕੇ ਦੂਰੋਂ ਦੂਰੋਂ ਆਏ ਲਿਖਾਰੀਆਂ ਨੂੰ ਵਿਦਾ ਕੀਤਾ ਗਿਆ।

O

"ਵਤਨੋਂ ਦੂਰ" ਵਿਚ ਕਿਸੇ ਤਰ੍ਹਾਂ ਦੀ ਐਡਵਰਟਾਈਜ਼ ਦੇਣੀ ਹੋਵੇ ਜਾਂ ਹੋਰ ਜਾਣਕਾਰੀ ਵਾਸਤੇ ਕਰਮਜੀਤ ਘੁਮਾਣ ਨੂੰ ਫ਼ੋਨ ਕਰੋ।
ਫੋਨ: 321-6081



ਮਿੰਨੀ ਕਹਾਣੀਆਂ :

**ਹਮਦਰਦੀ** ਨਿਰੰਜਨ ਸ਼ਰਮਾ ਸੇਖਾ

ਸ਼ਹਿਰ ਦੇ ਇਕ ਘੁੱਗ ਵਸਦੇ ਮਹੱਲੇ ਵਿਚ ਉਹ ਮਰਿਆ ਸੀ। ਉਸਦੀ ਲੋਥ ਦੇ ਆਲੇ-ਦੁਆਲੇ ਕਾਫੀ ਲੋਕ ਇਕੱਠੇ ਹੋ ਗਏ ਸਨ, ਜਿਹੜੇ ਕਿ ਭਾਂਤ ਭਾਂਤ ਦੀਆਂ ਗੱਲਾਂ ਬਾਤਾਂ ਕਰ ਰਹੇ ਸਨ। ਉਹਨਾਂ ਚੋਂ ਇਕ ਜਣਾ ਬੋਲਿਆ,—'ਬਈ ਇਹ ਸ਼ਰਾਬ ਜ਼ਿਆਦਾ ਪੀਂਦਾ ਸੀ ਇਸ ਕਾਰਨ ਇਹਦਾ ਹਾਰਟ ਫੇਲ ਹੋ ਗਿਆ।"

ਦੂਜੇ ਨੇ ਕਿਹਾ, "ਨਹੀਂ ਇਹ ਗੱਲ ਨਹੀਂ, ਇਹ ਤਾਂ, ਬੇ ਰੁਜ਼ਗਾਰ ਸੀ, ਭੁੱਖ ਦੇ ਦੁੱਖੋਂ ਇਸ ਨੇ ਖੁਦ-ਕਸ਼ੀ ਕੀਤੀ ਹੈ।" ਤੀਸਰੇ ਬੰਦੇ ਦੀ ਅਵਾਜ਼ ਆਈ,—"ਭਲਾ ਜੇ ਇਹ ਬੇਰੁਜ਼ਗਾਰ ਸੀ ਤਾਂ ਇਸਨੇ ਅਪਲਾਏਮੈਂਟ ਐਕਸਚੇਂਜ ਵਿਚ ਆਪਣਾ ਨਾਉਂ ਦਰਜ ਕਿਉਂ ਨਹੀਂ ਕਰਵਾਇਆ ?"

o

## ਕੀਮਤ

**ਐਮ.ਐਸ. ਬਸੀ**

'ਸਰਕਾਰ ਬਦਲ ਗਈ ਹੈ ਮਾਂ, ਤੂੰ ਹੁਣ ਨਾ ਐਵੇਂ ਦਿਲ ਛੱਡਿਆ ਕਰ। ਹੁਣ ਤੇਰੇ ਪੁਤਰ ਦੀ ਐਮ ਏ ਦੀ ਕੀਮਤ ਪੈ ਹੀ ਜਾਏਗੀ। ਬੱਸ ! ਇੰਟਰਵਿਊ ਕਾਰਡ ਆਉਣ ਵਾਲਾ ਹੀ ਹੈ, ਤੇਰਾ ਪੁੱਤਰ ਹੁਣ ਜਲਦੀ ਹੀ ਬਹੁਤ ਵੱਡਾ...।' ਜਤਿੰਦਰ ਨੇ ਆਪਣੀ ਮਾਂ ਨੂੰ ਹੌਸਲਾ ਦੇਂਦਿਆਂ ਕਿਹਾ। ਪਰ ਉਸਦੀ ਮਾਂ ਨੂੰ ਇਹ ਅਨੁਮਾਨ ਬਿਲਕੁਲ ਗਲਤ ਲੱਗਾ, ਜਦੋਂ ਉਹ ਇੰਟਰਵਿਊ ਤੋਂ ਇਕ ਮੁਰਝਾਏ ਫੁੱਲ ਵਰਗਾ ਚਿਹਰਾ ਲੈ ਕੇ ਘਰ ਆਇਆ। ਪਰ ਆਸ਼ਾ ਦਾ ਸੂਰਜ ਅਜੇ ਮਨ ਨੂੰ ਤਾਪ ਦੇ ਰਿਹਾ ਸੀ। ਫਿਰ ਕਿਸੇ ਹੋਰ ਪੋਸਟ ਲਈ ਬੁਲਾਇਆ ਗਿਆ। ਪਰ ਉਥੇ ਉਸਦੀ ਫਸਟ ਕਲਾਸ ਅਤੇ ਦਿਲ ਟੁੰਬਵੀਂ ਸ਼ਖ਼ਸੀਅਤ ਦੀ ਕੀਮਤ ਕਿੱਥੇ ? ਉੱਥੇ ਤਾਂ...।

ਵਾਪਸ ਆਇਆ, ਚੁੱਪ ! ਦਿਲ ਜਾਨੀ ਮਾਂ ਦੀਆਂ ਹੰਝੂਆਂ ਭਰੀਆਂ ਅੱਖਾਂ ਵਲ ਵੇਖਕੇ ਚੰਗਿਆੜੀ ਤਰ੍ਹਾਂ ਮਚਿਆ। 'ਮਾਂ ਮੈਂ ਹੱਲ ਢੂੰਡ ਲਿਆ ਹੈ, ਇਸ ਡਿਗਰੀ ਅਤੇ ਤੇਰੇ ਇਵਜ਼ਾਨੇ ਦਾ ਮੁੱਲ ਜਲਦੀ ਹੀ...। ਮਾਂ ਇਹ ਸਰਮਾਏਦਾਰੀ ਖਾਜਾ ਕਦੇ ਵੀ ਵੋਟਾਂ ਨਾਲ...। ਕੀਮਤ ਲਈ ਸਿਰਫ਼ ਏਕੇ ਦੀ ਲੋੜ ਹੈ।' ਹੁਣ ਉਸਦੀ ਮਾਂ ਦੇ ਹੰਝੂ ਕਿਸੇ ਖ਼ਾਸ ਆਸ਼ਾ ਭਰੀ ਲਿਸ਼ਕ ਵਿਚ ਬਦਲ ਚੁੱਕੇ ਸਨ। oo

## ਪਰਮਿਟ

ਸੁਰਿੰਦਰ ਸਿੰਘ ਕੈਲੇ

ਮੈਂ ਅਪਣੇ ਇਕ ਦੋਸਤ ਦੀ ਕਾਰ'ਚ ਬੈਠਾ ਸ਼ਹਿਰ ਵੱਲ ਜਾ ਰਿਹਾ ਸੀ। ਉੱਚੇ ਪੁਲ ਕੋਲ ਸਿਪਾਹੀ ਨੇ ਰੋਕਣ ਦਾ ਇਸ਼ਾਰਾ ਕੀਤਾ। ਕਾਰ ਰੁਕਦਿਆਂ ਸਾਡੇ ਕੋਲ ਆਕੇ ਕਹਿਣ ਲਗਾ, " ਅੱਗੇ ਨੋ ਐਂਟਰੀ ਹੈ ਵਨ ਵੇ ਟਰੈਫਿਕ ( ਇਕ ਤਰਫਾ) ਹੈ ਇਸ ਲਈ ਕਾਰ ਅੱਗੇ ਨਹੀਂ ਜਾ ਸਕਦੀ'।

"ਅਫਸਰਾ ! ਅਸੀਂ ਤਾਂ ਬਸ ਇਸ ਪੁਲ ਦੇ ਨਾਲ ਹੀ ਅਗਲੇ ਪਾਸੇ ਜਾਣਾ ਹੈ। ਸਾਡੀ ਡਾਕਟਰ ਨਾਲ ਅਪੁਆਇੰਟ-ਮੈਂਟ ਹੈ.ਲੇਟ ਹੋ ਜਾਵਾਂਗੇ"। ਮੇਰੇ ਦੋਸਤ ਨੇ ਨਰਮ ਲਹਿਜੇ ਵਿਚ ਕਿਹਾ।

' ਔਹ ਦੇਖੋ ! ਡੀ. ਸੀ. ਸਾਹਿਬ ਦੇ ਹੁਕਮ ਨਾਲ ਵਨਵੇ ਟਰੈਫਿਕ ਦਾ ਬੋਰਡ ਲਗਾ ਦਿਤਾ ਹੈ। ਇਸ ਤੋਂ ਅੱਗੇ ਕੋਈ ਗੱਡੀ ਨਹੀਂ ਜਾ ਸਕਦੀ।' ਲੱਗੇ ਬੋਰਡ ਵਲ ਉਸਨੇ ਇਸ਼ਾਰਾ ਕਰਦਿਆਂ ਕਿਹਾ ਤੇ ਛੇਤੀ ਛੇਤੀ ਸੜਕ ਦੇ ਵਿਚਾਲੇ ਨੂੰ ਹੋ ਗਿਆ। ਪਿਛਿਉਂ ਇਕ ਟਰੱਕ ਆ ਰਿਹਾ ਸੀ। ਇਸ਼ਾਰਾ ਕਰਨ ਤੇ ਉਹ ਵੀ ਰੁਕ ਗਿਆ। ਸਿਪਾਹੀ ਸਿੱਧਾ ਡਰੈਵਰ ਦੀ ਤਾਕੀ ਕੋਲ ਗਿਆ ਅਤੇ ਛੇਤੀ ਹੀ ਅੱਗੇ ਜਾਣ ਦਾ ਇਸ਼ਾਰਾ ਕਰਕੇ ਸਾਡੇ ਵੱਲ ਮੁੜ ਆਇਆ। ਟਰੱਕ ਨੋ ਐਂਟਰੀ ਵਾਲ ਪੁਲ ਨੂੰ ਚਲ ਪਿਆ।

'ਔਹ ਟਰੱਕ ਲਈ ਨੋ ਐਂਟਰੀ ਨਹੀਂ ਹੈ ?' ਮੈਂ ਸਵਾਲ ਕੀਤਾ।

'ਉਸ ਕੋਲ ਪਰਮਿਟ ਹੈ' ਸਿਪਾਹੀ ਨੇ ਹੱਥ'ਚ ਘੁਟਿਆ ਨੋਟ ਜੇਬ'ਚ ਪਾਉਂਦਿਆਂ ਕਿਹਾ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ
ਵੈਨਕੂਵਰ ਦੀ ਮਾਸਿਕ ਮੀਟਿੰਗ
ਹਰ ਦੂਜੇ ਐਤਵਾਰ ਸ਼ਾਮ
ਤਿੰਨ ਵਜੇ ਫਰੇਜ਼ਰਵਿਊ ਨੇਬਰ-
ਹੁੱਡ ਹਾਊਸ 6470 ਵਿਕਟੋਰੀਆ
ਡਰਾਈਵ (VICTORIA AND
49TH AVE) ਤੇ ਹੁੰਦੀ ਹੈ।
ਸਾਹਿਤ ਨਾਲ ਮੋਹ ਰੱਖਣ
ਵਾਲੇ ਦੋਸਤਾਂ ਨੂੰ ਸੱਦਾ ਦਿੱਤਾ
ਜਾਂਦਾ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ ਸੁਖਵੰਤ ਹੁੰਦਲ
—321—9221

"NAME SAYS IT ALL"

# LOW-COST

## Appliances & Refrigeration Ltd

SALES & SERVICE

We specialize in repairs to all makes and models of:

WASHERS-DRYERS-STOVES-FREEZERS
REFRIDGERATORS
ELECTRIC WATER TANKS-DISHWASHERS

- ਹਰ ਪ੍ਰਕਾਰ ਦੀਆਂ ਘਰੇਲੂ ਬਿਜਲੀ ਮਸ਼ੀਨਾਂ - ਵਾਸ਼ਰ, ਡਰਾਇਰ, ਫਰਿਜ, ਫਰੀਜ਼ਰ ਸਟੋਵ ਤੇ ਡਿਸ਼ਵਾਸ਼ਰ ਆਦਿ ਦੀ ਸਸਤੀ ਤੇ ਭਰੋਸੇ ਜੋਗ ਮੁਰੰਮਤ ਲਈ ਸਾਨੂੰ ਫੋਨ ਕਰੋ।
- ਪਰਧਾਨ ਸਿੰਘ ਤੱਖਰ ਨਾਲ ਪੰਜਾਬੀ 'ਚ ਹੀ ਗੱਲਬਾਤ ਕੀਤੀ ਜਾ ਸਕਦੀ ਹੈ
- ਨਵੀਆਂ ਤੇ ਮੁਰੰਮਤ ਸ਼ੁਦਾ ਮਸ਼ੀਨਾਂ ਖਰੀਦਣ ਲਈ ਦਰਸ਼ਨ ਦਿਉ।



ਪ੍ਰਧਾਨ ਸਿੰਘ ਤੱਖਰ

PARDHAN S. TAKHAR

Guaranteed Low Prices On:
ADMIRAL - DANBY - GENERAL FREEZER PRODUCTS

PHONE: 584-6372

9630 - 121st Street, Surrey, B.C. V3V 7A7

---

ਡੈਲਟਾ ਵਿੱਚ ਗਰੋਸਰੀ ਦੀ ਭਰੀ ਦੁਕਾਨ

# ਪੰਜਾਬ ਫੂਡ ਸਟੋਰ

੧੪੩੫ ਸਕਾਟ ਰੋਡ, ਡੈਲਟਾ ਫੋਨ: 588-4911

ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

## ਫਾਰਮਾਂ ਵਿਚ ਕੰਮ ਕਰਨਾ ਚਾਹੁੰਦੇ ਹੋ?

ਚੰਗੀ ਤਨਖਾਹ
[illegible] ਤੌਰ ਕੰਮ
ਘਰੋਂ ਲੈ ਕੇ ਜਾਣ ਤੇ ਛੱਡ ਕੇ ਜਾਣ ਦਾ ਘੱਟ ਤੋਂ ਘੱਟ ਸਮਾਂ ਅਤੇ ਚੰਗੀਆਂ ਸਹੂਲਤਾਂ

ਹੋਰ ਜਾਣਕਾਰੀ ਲਈ
ਦਰਸ਼ਨ ਦਿਓ ਜਾਂ ਫੋਨ ਕਰੋ!

**588-4911**

---

PHONE ANY TIME FOR
NEW & USED CARS and HALF TON TRUCKS



# MAJER SINGH DHALIWAL

## CAR SALESMAN

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਅੱਤੀ ਘੱਟ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਵਧੇਰੇ ਵਾਕਫ਼ੀ ਲਈ ਘਰ 594-2838 ਤੇ ਫੋਨ ਕਰੋ। ਗੈਰੇਜ ਵਿੱਚ ਪੁੱਜਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

**GARY PONTIAC-BUICK & GMC LTD**

---

Plan

# India Holidays

with

SAFEWAYS GROUPS

*For Instant Booking call collect:*

604-873-5631
604-873-4011

*We will arrange Canadian, Indian and Fijian passports.*

SAFEWAYS
TRAVEL AGENCY LTD.

*1391 Kingway Vancouver, B.C. V5V 3E3*

# A FANTASTIC INSURANCE PROGRAMME

## Available in Canada UP TO $50,000

***NOW — a life insurance policy that***
***GUARANTEES EVERY CENT OF YOUR MONEY BACK***
***anytime you ask — after premiums have been paid and the policy has been in force for two years.***



**JARNAIL S. SARAN**
**Life Underwriter**
**271-7821**

***For further information please feel free to call any one of us without obligation:***

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.



**JAGJIT SINGH SIDHU M.A.**
Unit Supervisor
Res.: 324-2493

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

---

## YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!

## HARPAL TOOR

**Res. 524-9848**
**Off. 324-3888**



ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ
ਹਰਪਾਲ ਤੂਰ
ਨੂੰ ਸੇਵਾ ਦਾ ਮੌਕਾ ਦਿਓ।

REALTOR

T. J. LOVEROCK REALTY
5316 Victoria Dr., Van. B.C.

---

## INTERNATIONAL UNISEX HAIRSTYLING

INTRODUCES
ANOTHER SERVICE TO OUR CUSTOMERS AND FRIENDS'

*SPECIALIZING IN*



- ★ **ELECTROLYSIS**
- ★ **PERMANENT HAIR REMOVAL**

ਗੱਲਬਾਤ ਪੰਜਾਬੀ ਵਿਚ ਵੀ ਕੀਤੀ ਜਾ ਸਕਦੀ ਹੈ!

**Phone 736-4727**

**2582 Alma St. Vancouver**

OPEN 5 DAYS A WEEK TUES. THRU SAT.

**WATNO DUR**
P.O. Box 67681 Stn. "O"
Vancouver, B.C. V5W 3V2


# ਫਰੰਟੀਅਰ ਕਲਾਥ ਹਾਊਸ

***Imported Printed, Plain & Embroidered Sarees***

**SPECIALISTS IN:**

***All kinds of Quality Fabrics Chuni, Lehngas Suits, Silk Suits***

**Wedding Daj & Wari,**

***Kurtas, Men's Shirts, Cardigans Latest Fashions from Japan, India & U.K.***

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch:
SUSHIL BATRA

Phones: Bus. 325-4424
Res. 324-5156

# FRONTIER CLOTH HOUSE LTD.

**6672 MAIN STREET VANCOUVER, B.C.**


WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.